JOSHI LAW OFFICE
Barrister, Solicitor & Notary Public



- Immigration
- Real Estate
- Commercial Law
- Affidavit
- Power of Attorney

Rakesh M. Joshi
B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON



ਕੈਨੇਡੀਅਨ
# ਪੰਜਾਬੀ ਪੋਸਟ

ਕ੍ਰਿਸਮਸ ਅਤੇ ਨਵੇਂ ਸਾਲ ਲਈ ਵਿਸ਼ੇਸ਼ ਅੰਕ | Award winning news paper | Canadian Punjabi Post


2023



ਕੈਨੇਡੀਅਨ ਪੰਜਾਬੀ ਪੋਸਟ ਅਦਾਰੇ ਵੱਲੋਂ ਸਾਰੇ ਪਾਠਕਾਂ, ਕਾਰੋਬਾਰੀਆਂ ਅਤੇ ਸਾਰੇ ਜਗਤ ਨੂੰ ਕ੍ਰਿਸਮਸ ਅਤੇ ਨਵੇਂ ਸਾਲ 2023 ਦੀਆਂ ਲੱਖ-ਲੱਖ ਵਧਾਈਆਂ। ਅਦਾਰਾ ਕਾਮਨਾ ਕਰਦਾ ਹੈ ਕਿ ਆਉਣ ਵਾਲਾ ਸਮਾਂ ਸਾਰਿਆਂ ਲਈ ਖੁਸ਼ੀਆਂ ਭਰਿਆ ਅਤੇ ਤੰਦਰੁਸਤੀ ਵਾਲਾ ਹੋਵੇ।

-ਮੁੱਖ ਸੰਪਾਦਕ


To view our online newspaper visit punjabipost.ca/epaper | Vol 21* Issue 246 | Friday, December 23, 2022 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ





Happy New Year

2023 2023

ਆਪ ਸਭ ਨੂੰ ਨਵੇਂ ਸਾਲ ਦੀਆਂ ਬਹੁਤ ਬਹੁਤ ਸ਼ੁਭਕਾਮਨਾਵਾਂ।
ਆਉਣ ਵਾਲਾ ਸਾਲ ਆਪ ਲਈ ਖੁਸ਼ੀਆਂ ਭਰਿਆ ਹੋਵੇ।

TRILLIUM ROADWAYS
Excellence on Roads Unprecedented in Service



Greetings from -
Trillium Group of Companies

Trillium Roadways
Trillium Expedite
Trillium Logistics

T: 905-795-9666 | 1-877-840-6006
Email: info@trilliumroadways.ca
Fax: 905-795-9802 | www.trilliumroadways.ca


PRABMEET SARKARIA
MPP BRAMPTON SOUTH
MERRY CHRISTMAS
HAPPY NEW YEAR
May this season
find you among those
you love, sharing
in the twin glories
of generosity and gratitude.
7700 Hurontario Street, Unit 402, Brampton, ON L6Y 4M3
905.796.8669


HARDEEP
GREWAL
MPP BRAMPTON EAST
Merry Christmas
and
A Happy New Year
Wishing you and your family a year fillled
with good health, happiness and prosperity!
Hardeep.Grewal@pc.ola.org
905-799-3939
instagram.com/hardeep_grewal/
1 Gateway Boulevard, Unit #307, Brampton, ON L6T 0G3


Techspirit Solutions
Audio/Video, Networking & Security Cameras
ਨਵੇਂ ਸਾਲ 2023 ਅਤੇ ਕ੍ਰਿਸਮਿਸ ਦੀਆਂ
ਆਪ ਸਭ ਨੂੰ ਲੱਖ ਲੱਖ ਵਧਾਈਆਂ ਹੋਣ ਜੀ ।
• SMART SECURITY MANAGEMENT
• CCTV SECURITY INSTALLATION
• VIDEO SURVEILLANCE SOLUTIONS
• WIFI MANAGEMENT
• NETWORKING
Techspirit
techspirit.ca
Call: (905) 621-4100
Address: 7-8770 The Gore Road, Brampton, ON L6P 0B1
Address: 580 Hespeler Rd. #D6, Cambridge, ON N1R 6J8


Dr. Randhawa Dentistry
Your own dentist who really cares for you
We Provide the following Services:
• Dental Crowns, Veneers & Bridges
• Dental Fillings & Gum Treatment
• Root Canal (RCT), Dentures, Extraction
• Kids Dentistry
• Wisdom Tooth Surgery
• Invisalign (Invisible Braces)
• Digital X-Rays System
• Teeth Cleaning & Whitening
• Cosmetic Dental Treatment
• ਸੀਨੀਅਰ ਡਿਸਕਾਊਂਟ
• ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
• ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ
HAPPY NEW YEAR &
Merry Christmas
INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜ਼ਰ ਨਹੀਂ ਆਉਂਦੀਆਂ
Show Your Smile More With Invisible Braces!
FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL,
JAMES POTTER / BONNIE BRAES INTERSECTION)
Tel : 905-230-9044
NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111
Mayfield Rd
Mcvean Dr
Gore Rd
Squire Ellis Dr
Countryside Dr
Dr. Samreet Kaur Randhawa
General Family Dentist
New Patients welcom
Deal Directly with all Insurance Companies


Merry Christmas
ਆਪ ਸਭ ਨੂੰ ਕ੍ਰਿਸਮਿਸ ਅਤੇ ਨਵੇਂ ਸਾਲ
ਦੀਆਂ ਬਹੁਤ-ਬਹੁਤ ਮੁਬਾਰਕਾਂ
2023
HAPPY NEW YEAR
FLYING J EXIT 399
Joga Sandhar
Garry Dhugga
Jasbir Dhesi
T: 905.428.9700
F: 905.428.9633
E: flyingjexit399@gmail.com
2000 Clements Rd., Pickering, ON L1W 4A1


UK TRUCK TRAINING CENTRE
PCC #179958
Registered as a Private Careers College
ਆਪ ਸਭ ਨੂੰ ਨਵੇਂ ਸਾਲ 2023 ਦੀਆਂ ਅਤੇ ਕ੍ਰਿਸਮਸ ਦੀਆਂ ਲੱਖ
ਲੱਖ ਵਧਾਈਆਂ। ਅਸੀਂ ਕਾਮਨਾ ਕਰਦੇ ਹਾਂ ਕਿ ਆਉਣ ਵਾਲਾ
ਸਮਾਂ ਤੁਹਾਡੇ ਜੀਵਨ ਵਿਚ ਸੁੱਖ ਸ਼ਾਂਤੀ ਲੈ ਕੇ ਆਵੇ।
Automatic & Manual Trucks
1 on 1 Training
Air Brake Classes
Sat & Sun 8.00am to 4.00pm
ਜਲਦੀ ਰੋਡ ਟੈਸਟ ਬੁਕਿੰਗ
12 Month Financing
Availale at 0% Interest
happy new year
&
Merry Christmas
We help in Written Test
& in Finding Jobs
22 ਸਾਲਾਂ ਦਾ ਤਜ਼ਰਬਾ, 7 ਦਿਨ ਖੁੱਲਾ ਅਤੇ
ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
ਵਾਰ-ਵਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ
ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
OPEN
7 DAYS
7542 Bath Rd, Mississauga,
ON L4T 1L2, Off:905.673.7979
ਨਵੀਂ ਲੋਕੇਸ਼ਨ : 225 Sheldon Dr #18, Cambridge
Jitpal Singh Deol
519-621-0007
uktruck1@gmail.com

## ਅੱਜ ਨਾਮਾ

ਜਾਪਦੀ ਠੰਢ ਨੇ ਕੀਤੀ ਆ ਜਾਮ ਜ਼ਿੰਦਗੀ,
ਕਹਿਰ ਸਿਖਰਲਾ ਧੁੰਦ ਪਈ ਪਾਏ ਮੀਆਂ।
ਛੱਡਣੇ ਔਖੇ ਆ ਜੀਵਨ ਦੇ ਆਮ ਕਾਰਜ,
ਡਰਦਾ ਬੰਦਾ ਨਾ ਸੜਕ 'ਤੇ ਜਾਏ ਮੀਆਂ।
ਆਪਣੀ ਭੁੱਲ ਵੀ ਪੈਂਦੜੀ ਬਹੁਤ ਮਹਿੰਗੀ,
ਦੂਸਰਾ ਕਰੇ ਤਾਂ ਝੱਲੀ ਨਹੀਂ ਜਾਏ ਮੀਆਂ।
ਖਹਿ ਜਾਏ ਗੱਡੀ ਤਾਂ ਲੱਗਦੇ ਲੜਨ ਦੋਵੇਂ,
ਡਰਦਾ ਕੋਈ ਛੁਡਾਉਣ ਨਾ ਆਏ ਮੀਆਂ।
ਪਹਿਲਾਂ ਡਿੱਗਿਆਂ ਲੱਗੀਆਂ ਹੋਣ ਰਗੜਾਂ,
ਮਗਰੋਂ ਆਪੋ ਵਿੱਚ ਮਾਰਦੇ ਸੱਟ ਮੀਆਂ।
ਅਕਲ ਕਿਸੇ ਨੂੰ ਕੋਈ ਨਹੀਂ ਦੇਣ ਜੋਗਾ,
ਕੋਈ ਨਾ ਦੂਜੇ ਤੋਂ ਜਾਪਦਾ ਘੱਟ ਮੀਆਂ।

**ਤੀਸ ਮਾਰ ਖਾਂ**

## ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਮਹਿਲਾ ਅਤੇ 8 ਸਾਲਾ ਬੱਚਾ ਜ਼ਖ਼ਮੀ




ਟੋਰਾਂਟੋ, 22 ਦਸੰਬਰ (ਪੋਸਟ ਬਿਊਰੋ) : ਸਿਟੀ ਦੇ ਯੌਰਕ ਸੈਕਸ਼ਨ ਵਿੱਚ ਬੁੱਧਵਾਰ ਰਾਤ ਨੂੰ ਇੱਕ ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਇੱਕ ਮਹਿਲਾ ਤੇ ਬੱਚਾ ਜ਼ਖ਼ਮੀ ਹੋ ਗਏ। ਇਹ ਜਾਣਕਾਰੀ ਟੋਰਾਂਟੋ ਪੁਲਿਸ ਨੇ ਦਿੱਤੀ।

ਇਹ ਘਟਨਾ ਗਲੌਸਟਰ ਗ੍ਰੋਵ ਤੇ ਵਿਨੇਟ ਐਵਨਿਊ ਉੱਤੇ ਸ਼ਾਮੀਂ 6:00 ਵਜੇ ਤੋਂ ਠੀਕ ਪਹਿਲਾਂ ਵਾਪਰੀ। ਪੈਰਾਮੈਡਿਕਸ ਨੇ ਦੱਸਿਆ ਕਿ ਮਹਿਲਾ, ਜੋ ਕਿ ਆਪਣੇ 30ਵਿਆਂ ਵਿੱਚ ਸੀ, ਨੂੰ ਗੰਭੀਰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਇਹ ਵੀ ਦੱਸਿਆ ਗਿਆ ਕਿ ਮਹਿਲਾ ਦੀਆਂ ਸੱਟਾਂ ਜਾਨਲੇਵਾ ਨਹੀਂ ਹਨ। ਇਸ ਦੌਰਾਨ ਦਿੱਤੀ ਗਈ ਜਾਣਕਾਰੀ ਅਨੁਸਾਰ 8 ਸਾਲਾ ਬੱਚੇ ਨੂੰ ਬੱਚਿਆਂ ਦੇ ਹਸਪਤਾਲ ਲਿਜਾਇਆ ਗਿਆ ਤੇ ਉਸ ਦੀਆਂ ਸੱਟਾਂ ਥੋੜ੍ਹੀਆਂ ਗੰਭੀਰ ਦੱਸੀਆਂ ਜਾਂਦੀਆਂ ਹਨ। ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਹਾਦਸੇ ਤੋਂ ਬਾਅਦ ਡਰਾਈਵਰ ਘਟਨਾ ਵਾਲੀ ਥਾਂ ਉੱਤੇ ਮੌਜੂਦ ਰਿਹਾ। ਪੁਲਿਸ ਵੱਲੋਂ ਅਜੇ ਇਹ ਨਹੀਂ ਦੱਸਿਆ ਗਿਆ ਕਿ ਕਿਸੇ ਕਿਸਮ ਦੇ ਚਾਰਜਿਜ਼ ਡਰਾਈਵਰ ਉੱਤੇ ਲਾਏ ਗਏ ਹਨ ਕਿ ਨਹੀਂ।

## ਮਨੁੱਖਤਾਵਾਦੀ ਮੱਦਦ ਦੀ ਥਾਂ ਇਨਫਰਾਸਟ੍ਰਕਚਰ ਸਬੰਧੀ ਪ੍ਰੋਜੈਕਟਸ ਨੂੰ ਫੰਡ ਕਰਨ ਵੱਲ ਧਿਆਨ ਦੇ ਰਹੀ ਹੈ ਫੈਡਰਲ ਸਰਕਾਰ



ਓਟਵਾ, 22 ਦਸੰਬਰ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਇਹ ਸੰਕੇਤ ਦਿੱਤਾ ਹੈ ਕਿ ਹੁਣ ਵਿਕਾਸਸ਼ੀਲ ਦੇਸ਼ਾਂ ਵਿੱਚ ਮਨੁੱਖਤਾਵਾਦੀ ਮਦਦ ਦੀ ਥਾਂ ਉੱਤੇ ਇਨਫਰਾਸਟ੍ਰਕਚਰ ਪ੍ਰੋਜੈਕਟਸ ਨੂੰ ਫੰਡ ਕਰਨ ਵੱਲ ਉਨ੍ਹਾਂ ਵੱਲੋਂ ਵਧੇਰੇ ਧਿਆਨ ਦਿੱਤਾ ਜਾਵੇਗਾ।

ਪਿਛਲੇ ਹਫਤੇ ਇੱਕ ਇੰਟਰਵਿਊ ਵਿੱਚ ਟਰੂਡੋ ਨੇ ਆਖਿਆ ਕਿ ਗਲੋਬਲ ਸਾਊਥ ਨਾਲ ਗੱਲਬਾਤ ਵਿੱਚ ਵੀ ਉਨ੍ਹਾਂ ਵੱਲੋਂ ਇਹ ਸਪਸ਼ਟ ਕੀਤਾ ਗਿਆ ਹੈ ਕਿ ਅਗਲੇ 20 ਸਾਲਾਂ ਤੱਕ ਰਹਿਣ ਵਾਲੀਆਂ ਮੁੜ ਨਵਿਆਈਆਂ ਜਾ ਸਕਣ ਵਾਲੀਆਂ ਐਨਰਜੀਜ਼ ਵਿੱਚ ਤੁਸੀਂ ਨਿਵੇਸ਼ ਕਿਵੇਂ ਕਾਇਮ ਕਰ ਸਕਦੇ ਹੋਂ ਤੇ ਇਸ ਵਿੱਚੋਂ ਬਹੁਤ ਘੱਟ ਹੀ ਮਨੁੱਖਤਾਵਾਦੀ ਵਿਕਾਸ ਉੱਤੇ ਖਰਚ ਹੋਵੇਗਾ। ਉਨ੍ਹਾਂ ਇਹ ਵੀ ਆਖਿਆ ਕਿ ਇਸ ਤਰ੍ਹਾਂ ਦਾ ਲਚੀਲਾ ਇਨਫਰਾਸਟ੍ਰਕਚਰ ਕਿਸ ਤਰ੍ਹਾਂ ਤਿਆਰ ਕੀਤਾ ਜਾ ਸਕਦਾ ਹੈ ਜਿਹੜਾ ਅਗਲੇ ਤੂਫਾਨ, ਭਾਰੀ ਮੀਂਹ ਜਾਂ ਢਿੱਗਾਂ ਡਿੱਗਣ ਕਾਰਨ ਬਰਬਾਦ ਨਹੀਂ ਹੋ ਜਾਵੇਗਾ। ਟਰੂਡੋ ਨੇ ਆਖਿਆ ਕਿ ਹੁਣ ਗੱਲਬਾਤ ਦਾ ਮੁੱਦਾ ਬਦਲ ਰਿਹਾ ਹੈ ਪਰ ਅਸੀਂ ਗਲੋਬਲ ਸਾਊਥ ਵਿੱਚ ਨਿਵੇਸ਼ ਲਈ ਹਮੇਸ਼ਾਂ ਹਾਜ਼ਰ ਰਹਾਂਗੇ। ਇੱਥੇ ਦੱਸਣਾ ਬਣਦਾ ਹੈ ਕਿ ਕੈਨੇਡਾ ਦਾ ਹਿਊਮੈਨੀਟੇਰੀਅਨ ਏਡ ਸੈਕਟਰ ਅਗਲੇ ਸਪ੍ਰਿੰਗ ਬਜਟ ਉੱਤੇ ਵੀ ਬਾਰੀਕੀ ਨਾਲ ਨਜ਼ਰ ਰੱਖ ਰਿਹਾ ਹੈ ਤੇ ਇਹ ਵੇਖਣਾ ਚਾਹੁੰਦਾ ਹੈ ਕਿ ਲਿਬਰਲ ਹਰ ਸਾਲ ਕਿਸ ਤਰ੍ਹਾਂ ਮਨੁੱਖਤਾਵਾਦੀ ਖਰਚੇ ਨੂੰ ਹੋਰ ਵਧਾਉਣ ਦੇ ਆਪਣੇ ਵਾਅਦੇ ਨੂੰ ਕਿਸ ਤਰ੍ਹਾਂ ਪੂਰਾ ਕਰਦੇ ਹਨ।

## ਤੂਫਾਨ ਤੋਂ ਪਹਿਲਾਂ ਹੀ ਪੀਅਰਸਨ ਏਅਰਪੋਰਟ ਉੱਤੇ ਟਰੈਵਲ ਵਿੱਚ ਹੋ ਰਹੀ ਦੇਰ ਦਾ ਸਾਹਮਣਾ ਕਰ ਰਹੇ ਹਨ ਕਈ ਪੈਸੈਂਜਰ




ਓਨਟਾਰੀਓ, 22 ਦਸੰਬਰ (ਪੋਸਟ ਬਿਊਰੋ) : ਸ਼ੁੱਕਰਵਾਰ ਨੂੰ ਖਰਾਬ ਮੌਸਮ ਹੋਣ ਕਾਰਨ ਏਅਰਪੋਰਟ ਉੱਤੇ ਕਈ ਉਡਾਨਾਂ ਵਿੱਚ ਦੇਰ ਹੋਣ ਦੀ ਪੇਸ਼ੀਨਿਗੋਈ ਕੀਤੀ ਜਾ ਰਹੀ ਹੈ।

ਚਾਰ ਜੀਆਂ ਦਾ ਇੱਕ ਪਰਿਵਾਰ ਅਜੇ ਤੱਕ ਲੰਡਨ, ਇੰਗਲੈਂਡ ਆਪਣੀ ਮੰਜ਼ਿਲ ਤੱਕ ਨਹੀਂ ਪਹੁੰਚ ਸਕਿਆ ਹੈ। ਉਹ ਦੋ ਦਿਨ ਪਹਿਲਾਂ ਸਸਕਾਟੂਨ ਤੋਂ ਚੱਲੇ ਸੀ। ਪਰਿਵਾਰ ਦੇ ਇੱਕ ਮੈਂਬਰ ਹੈਦਰ ਨੇ ਦੱਸਿਆ ਕਿ ਉਨ੍ਹਾਂ ਨੇ ਤਿੰਨ ਦਿਨ ਤੋਂ ਇੱਕੋ ਹੀ ਕੱਪੜੇ ਪਾਏ ਹੋਏ ਹਨ। ਉਨ੍ਹਾਂ ਦੀ ਅਸਲ ਫਲਾਈਟ ਸਟਾਫ ਦੀ ਘਾਟ ਕਾਰਨ ਰੱਦ ਹੋ ਗਈ। ਪਰਿਵਾਰ ਨੇ ਆਖਿਆ ਕਿ ਉਨ੍ਹਾਂ ਨੂੰ ਆਸ ਸੀ ਕਿ ਕਈ ਸਾਲਾਂ ਵਿੱਚ ਪਰਿਵਾਰ ਵੱਜੋਂ ਉਨ੍ਹਾਂ ਦਾ ਇਹ ਟਰਿੱਪ ਯਾਦਗਾਰੀ ਹੋਵੇਗਾ ਪਰ ਇਸ ਤਰ੍ਹਾਂ ਦੀ ਦੇਰ ਕਾਰਨ ਉਨ੍ਹਾਂ ਨੂੰ ਇੱਕ ਪਾਸੇ ਜਿਹੜੀ ਨਿਰਾਸ਼ਾ ਹੋਈ ਹੈ ਉਹ ਵੱਖਰੀ ਹੈ ਤੇ ਦੂਜਾ ਉਨ੍ਹਾਂ ਨੂੰ ਇਹ ਟਰਿੱਪ ਕਾਫੀ ਮਹਿੰਗਾ ਪੈ ਰਿਹਾ ਹੈ।

ਪੀਅਰਸਨ ਏਅਰਪੋਰਟ ਉੱਤੇ ਇਸ ਤਰ੍ਹਾਂ ਦੀ ਹਾਲਤ ਵਿੱਚੋਂ ਕਈ ਯਾਤਰੀ ਲੰਘ ਰਹੇ ਵੇਖੇ ਜਾ ਸਕਦੇ ਹਨ। ਟੋਰਾਂਟੋ ਪਹੁੰਚਣ ਵਿੱਚ ਹੋਈ ਦੇਰ ਤੋਂ ਇਲਾਵਾ 10 ਲੋਕਾਂ ਦੇ ਇੱਕ ਗਰੁੱਪ ਨੂੰ ਵੀ ਇਸੇ ਤਰ੍ਹਾਂ ਕੁੱਝ ਸਮਝ ਨਹੀਂ ਆ ਰਹੀ ਕਿ ਉਨ੍ਹਾਂ ਨਾਲ ਕੀ ਹੋ ਰਿਹਾ ਹੈ। ਇਹ ਸਭ ਮੌਨਟੈਗੋ ਬੇਅ ਜਾ ਰਹੇ ਸਨ ਪਰ ਹੁਣ ਉਹ ਟੋਰਾਂਟੋ ਫਸੇ ਹੋਏ ਹਨ ਤੇ ਏਅਰਲਾਈਨ ਵੱਲੋਂ ਉਨ੍ਹਾਂ ਨੂੰ ਇਸ ਸਬੰਧ ਵਿੱਚ ਕੋਈ ਜਾਣਕਾਰੀ ਨਹੀਂ ਦਿੱਤੀ ਜਾ ਰਹੀ ਕਿ ਆਖਿਰਕਾਰ ਉਨ੍ਹਾਂ ਨੂੰ ਇੱਥੋਂ ਕਦੋਂ ਕੱਢਿਆ ਜਾਵੇਗਾ।

ਇਸ ਦੌਰਾਨ ਏਅਰ ਕੈਨੇਡਾ ਨੇ ਦੱਸਿਆ ਕਿ ਉਨ੍ਹਾਂ ਨੂੰ ਆਸ ਹੈ ਕਿ 2.23 ਮਿਲੀਅਨ ਲੋਕ ਬੁੱਧਵਾਰ ਤੋਂ 8 ਜਨਵਰੀ ਤੱਕ ਉਡਾਨ ਭਰਨਗੇ। ਪਰ ਸ਼ੁੱਕਰਵਾਰ ਨੂੰ ਦੱਖਣੀ ਓਨਟਾਰੀਓ ਵਿੱਚ ਆਉਣ ਵਾਲੇ ਬਰਫੀਲੇ ਤੂਫਾਨ ਕਾਰਨ ਇੱਕ ਵਾਰੀ ਉਡਾਨਾ ਵਿੱਚ ਦੇਰ ਤੇ ਵਿਘਨ ਪੈਣ ਦਾ ਸਿਲਸਿਲਾ ਮੁੜ ਸ਼ੁਰੂ ਹੋ ਸਕਦਾ ਹੈ। ਐਨਵਾਇਰਮੈਂਟ ਕੈਨੇਡਾ ਨੇ ਟੋਰਾਂਟੋ ਲਈ ਸਪੈਸ਼ਲ ਵੈਦਰ ਸਟੇਟਮੈਂਟ ਜਾਰੀ ਕੀਤੀ ਹੈ ਤੇ ਦੱਖਣੀ ਓਨਟਾਰੀਓ ਦੇ ਬਹੁਤੇ ਵਾਸੀਆਂ ਨੂੰ ਕ੍ਰਿਸਮਸ ਤੋਂ ਪਹਿਲਾਂ ਗੈਰ ਲੋੜੀਂਦਾ ਟਰੈਵਲ ਕਰਨ ਤੋਂ ਮਨ੍ਹਾਂ ਕੀਤਾ ਗਿਆ ਹੈ।

## 2025 ਤੋਂ ਕੈਨੇਡਾ ਵਿੱਚ ਇਲੈਕਟ੍ਰਿਕ ਗੱਡੀਆਂ ਦੀ ਵਿਕਰੀ ਵਧਾਉਣ ਲਈ ਨਿਯਮਾਂ ਦਾ ਕੀਤਾ ਗਿਆ ਐਲਾਨ



ਓਟਵਾ, 22 ਦਸੰਬਰ (ਪੋਸਟ ਬਿਊਰੋ) : 2026 ਵਿੱਚ ਕੈਨੇਡਾ ਵਿੱਚ ਵਿਕਣ ਵਾਲੀਆਂ ਸਾਰੀਆਂ ਪੈਸੈਂਜਰ ਕਾਰਾਂ, ਐਸਯੁਵੀਜ਼ ਤੇ ਟਰੱਕਾਂ ਦਾ ਪੰਜਵਾਂ ਹਿੱਸਾ ਬਿਜਲੀ ਨਾਲ ਚੱਲਣ ਵਾਲਾ ਹੋਵੇਗਾ। ਇਹ ਐਲਾਨ ਬੁੱਧਵਾਰ ਨੂੰ ਐਨਵਾਇਰਮੈਂਟ ਮੰਤਰੀ ਸਟੀਵਨ ਗਿਲਬੋ ਨੇ ਨਵੇਂ ਨਿਯਮਾਂ ਦੀ ਜਾਣਕਾਰੀ ਦਿੰਦਿਆਂ ਕੀਤਾ।

2030 ਤੱਕ ਇਲੈਕਟ੍ਰਿਕ ਗੱਡੀਆਂ ਦੀ ਵਿੱਕਰੀ 60 ਫੀ ਸਦੀ ਤੱਕ ਅੱਪੜਨੀ ਜ਼ਰੂਰੀ ਕੀਤੀ ਗਈ ਹੈ ਤੇ 2035 ਤੱਕ ਕੈਨੇਡਾ ਵਿੱਚ ਵਿਕਣ ਵਾਲਾ ਹਰ ਵ੍ਹੀਕਲ ਇਲੈਕਟ੍ਰਿਕ ਹੋਣਾ ਜ਼ਰੂਰੀ ਹੋਵੇਗਾ। ਜਿਹੜੇ ਉਤਪਾਦਕ ਜਾਂ ਇੰਪੋਰਟਰਜ਼, ਸੇਲਜ਼ ਸਬੰਧੀ ਇਸ ਟੀਚੇ ਨੂੰ ਪੂਰਾ ਨਹੀਂ ਕਰ ਸਕਣਗੇ ਉਨ੍ਹਾਂ ਨੂੰ ਕੈਨੇਡੀਅਨ ਐਨਵਾਇਰਮੈਂਟ ਪ੍ਰੋਟੈਕਸ਼ਨ ਐਕਟ ਤਹਿਤ ਜੁਰਮਾਨਿਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

2025 ਲਈ ਨਿਰਧਾਰਤ ਕੀਤੇ ਗਏ ਟੀਚੇ ਨੂੰ ਪੂਰਾ ਕਰਨ ਲਈ ਕੈਨੇਡਾ ਨੂੰ ਅਜੇ ਲੰਮਾਂ ਪੈਂਡਾ ਤੈਅ ਕਰਨਾ ਹੋਵੇਗਾ। ਇਸ ਸਾਲ ਦੇ ਪਹਿਲੇ ਛੇ ਮਹੀਨੇ ਵਿੱਚ ਪੂਰੀ ਤਰ੍ਹਾਂ ਇਲੈਕਟ੍ਰਿਕ ਤੇ ਪਲੱਗ-ਇਨ ਹਾਈਬ੍ਰਿਡ ਵ੍ਹੀਕਲਜ਼ ਦੀ ਵਿੱਕਰੀ ਨਵੀਆਂ ਰਜਿਸਟਰ ਹੋਈਆਂ ਕਾਰਾਂ ਦਾ 7.2 ਫੀ ਸਦੀ ਹਿੱਸਾ ਹੀ ਰਹੀ। 2021 ਲਈ ਅਜਿਹੀਆਂ ਕਾਰਾਂ ਦੀ ਗਿਣਤੀ 5.2 ਫੀ ਸਦੀ ਸੀ। ਇਨ੍ਹਾਂ ਨਵੇਂ ਨਿਯਮਾਂ ਦਾ ਖਰੜਾ ਤਿਆਰ ਕਰ ਲਿਆ ਗਿਆ ਹੈ ਪਰ ਇਸ ਨੂੰ 30 ਦਸੰਬਰ ਨੂੰ ਪਬਲਿਕ ਕਰਵਾਇਆ ਜਾਵੇਗਾ। ਸਰਕਾਰ ਵੱਲੋਂ ਅਜਿਹੀਆਂ ਗੱਡੀਆਂ ਦੀ ਵਿੱਕਰੀ ਦਾ ਟਰੈਕ ਰੱਖਣ ਲਈ ਗੱਡੀਆਂ ਦੀ ਸੇਲ ਉੱਤੇ ਕ੍ਰੈਡਿਟ ਜਾਰੀ ਕਰਨ ਦਾ ਪ੍ਰਸਤਾਵ ਵੀ ਰੱਖਿਆ ਗਿਆ ਹੈ।

## ਛੁਰੇਬਾਜ਼ੀ ਦਾ ਸ਼ਿਕਾਰ ਵਿਅਕਤੀ ਮੱਦਦ ਲਈ ਭੱਜ ਕੇ ਸਕੂਲ ਜਾ ਵੜਿਆ




ਟੋਰਾਂਟੋ, 22 ਦਸੰਬਰ (ਪੋਸਟ ਬਿਊਰੋ) : ਟੋਰਾਂਟੋ ਪੁਲਿਸ ਦਾ ਕਹਿਣਾ ਹੈ ਕਿ ਵੀਰਵਾਰ ਸਵੇਰੇ ਇਟੋਬੀਕੋ ਵਿੱਚ ਜਿਸ ਵਿਅਕਤੀ ਨੂੰ ਚਾਕੂ ਮਾਰਿਆ ਗਿਆ ਸੀ ਉਹ ਮਦਦ ਲਈ ਭੱਜ ਕੇ ਗ੍ਰੀਨਹੋਮ ਜੂਨੀਅਰ ਮਿਡਲ ਸਕੂਲ ਵੜ ਗਿਆ। ਇਸ ਲਈ ਸਕੂਲ ਨੂੰ ਹੋਲਡ ਤੇ ਸਕਿਓਰ ਰੱਖਣ ਲਈ ਮਜਬੂਰ ਹੋਣਾ ਪਿਆ।

ਵੀਰਵਾਰ ਦੁਪਹਿਰ ਨੂੰ ਜਾਰੀ ਕੀਤੇ ਗਏ ਅਪਡੇਟ ਵਿੱਚ ਕਾਰਜਕਾਰੀ ਇੰਸਪੈਕਟਰ ਕ੍ਰੇਗ ਯੰਗ ਨੇ ਆਖਿਆ ਕਿ ਇਸ ਜ਼ਖ਼ਮੀ ਵਿਅਕਤੀ ਵੱਲੋਂ ਸਵੇਰੇ 9:00 ਵਜੇ ਇਸ ਐਲੀਮੈਂਟਰੀ ਸਕੂਲ ਵਿੱਚ ਦਾਖਲ ਹੋ ਕੇ ਮਦਦ ਮੰਗੀ ਗਈ। ਪਰ ਉਨ੍ਹਾਂ ਆਖਿਆ ਕਿ ਇਸ ਦੌਰਾਨ ਵਿਦਿਆਰਥੀਆਂ ਤੇ ਸਕੂਲ ਨੂੰ ਕੋਈ ਖਤਰਾ ਨਹੀਂ ਸੀ। ਅਹਿਤਿਆਤਨ ਸਕੂਲ ਨੂੰ ਹੋਲਡ ਤੇ ਸਕਿਓਰ ਦੇ ਦਾਇਰੇ ਵਿੱਚ ਰੱਖਿਆ ਗਿਆ।

ਯੰਗ ਨੇ ਦੱਸਿਆ ਕਿ ਜ਼ਖ਼ਮੀ ਵਿਅਕਤੀ ਆਪਣੇ 30ਵਿਆਂ ਵਿੱਚ ਸੀ ਤੇ ਉਸ ਦੇ ਧੜ ਦਾ ਉੱਪਰੀ ਹਿੱਸਾ ਜ਼ਖ਼ਮੀ ਸੀ ਤੇ ਫਿਰ ਸਕੂਲ ਦੇ ਸਟਾਫ ਨੇ ਐਂਬੂਲੈਂਸ ਸੱਦ ਕੇ ਉਸ ਨੂੰ ਹਸਪਤਾਲ ਭੇਜਿਆ। ਉਸ ਨੂੰ ਨਾਜ਼ੁਕ ਹਾਲਤ ਵਿੱਚ ਟਰੌਮਾ ਸੈਂਟਰ ਲਿਜਾਇਆ ਗਿਆ। ਇਸ ਤੋਂ ਬਾਅਦ ਜੌਹਨ ਗਾਰਲੈਂਡ ਬੁਲੇਵਾਰਡ ਤੇ ਜੇਮਜ਼ਟਾਊਨ ਕ੍ਰੀਸੈਂਟ ਏਰੀਆ ਤੋਂ ਹੋਲਡ ਐਂਡ ਸਕਿਓਰ ਹਟਾ ਲਿਆ ਗਿਆ। ਯੰਗ ਨੇ ਆਖਿਆ ਕਿ ਪੁਲਿਸ ਅਜੇ ਵੀ ਇਹ ਪਤਾ ਲਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਛੁਰੇਬਾਜ਼ੀ ਅਸਲ ਵਿੱਚ ਕਿੱਥੇ ਵਾਪਰੀ। ਉਨ੍ਹਾਂ ਇਹ ਵੀ ਦੱਸਿਆ ਕਿ ਖੂਨ ਦੇ ਨਿਸ਼ਾਨਾਂ ਦਾ ਪਿੱਛਾ ਕਰਦੇ ਹੋਏ ਪੁਲਿਸ ਨੇੜਲੇ ਪਾਰਕ ਕੈਂਡਲਟਨ ਡਰਾਈਵ ਜਾ ਪਹੁੰਚੀ ਤੇ ਇਹ ਇਲਾਕਾ ਸਕੂਲ ਦੇ ਨੇੜੇ ਹੀ ਹੈ।

ਪੁਲਿਸ ਨੇ ਦੱਸਿਆ ਕਿ ਅਜੇ ਕੋਈ ਹਥਿਆਰ ਬਰਾਮਦ ਨਹੀਂ ਕੀਤਾ ਗਿਆ। ਪੁਲਿਸ ਨੇ ਦੱਸਿਆ ਕਿ ਇੱਕ ਮਸ਼ਕੂਕ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ ਪਰ ਅਜੇ ਉਸ ਖਿਲਾਫ ਕੋਈ ਚਾਰਜਿਜ਼ ਨਹੀਂ ਲਾਏ ਗਏ।




HAPPY NEW YEAR
ਤੁਹਾਨੂੰ ਅਤੇ ਤੁਹਾਡੇ ਸਾਰੇ ਪਰਿਵਾਰ ਨੂੰ ਨਵੇਂ ਸਾਲ
2023
ਅਤੇ ਕ੍ਰਿਸਮਿਸ ਦੀਆਂ
ਲੱਖ ਲੱਖ ਵਧਾਈਆਂ ਹੋਣ ਜੀ ।
Sutton
Century 21
JAS TOOR
Sales Representative
Call - (647)242-8667
JAGDISH GREWAL
Sales Representative
Call - (416)970-5005


ਤੁਹਾਨੂੰ ਅਤੇ ਤੁਹਾਡੇ ਸਾਰੇ ਪਰਿਵਾਰ ਨੂੰ ਨਵੇਂ ਸਾਲ
2023
Happy New Year
ਅਤੇ ਕ੍ਰਿਸਮਿਸ ਦੀਆਂ
ਲੱਖ ਲੱਖ ਵਧਾਈਆਂ ਹੋਣ ਜੀ ।
Aaxel Insurance Broker Ltd.
Auto and Home Insurance | Monthly Super Visa Plans | Life & Disability
Critical Illness | RESP
Visitor & Travel Insurance | 15% Discount on Children RESP
Manwinder Mangat
TEL: 416-845-1352
1332 Khalsa Dr, Unit #11, Mississauga, ON L5S 0A2

# 27ਵੀਂ ਸਲਾਨਾ ਲੁਬਾਣਾ ਗਾਲਾ ਨਾਈਟ ਦਾ ਸਫਲ ਆਯੋਜਨ

ਮਿਸੀਸਾਗਾ, 22 ਦਸੰਬਰ (ਪੋਸਟ ਬਿਊਰੋ)- ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਐਸੋਸੀਏਸ਼ਨ ਆਫ ਕੈਨੇਡਾ ਵਲੋਂ 27ਵੀਂ ਸਲਾਨਾ ਲੁਬਾਣਾ ਗਾਲਾ ਨਾਈਟ ਦਾ ਆਯੋਜਨ ਵਿਰਦੀ ਕਨਵੈਂਸ਼ਨ ਸੈਂਟਰ, 3550 ਡੈਰੀ ਰੋਡ ਈ, ਮਿਸੀਸਾਗਾ ਵਿਖੇ ਕਰਵਾਇਆ ਗਿਆ। ਇਸ ਗਾਲਾ ਨਾਈਟ ਵਿਚ ਲੁਬਾਣਾ ਭਾਈਚਾਰੇ ਦੇ ਅਤੇ ਹੋਰ ਵੱਖ ਵੱਖ ਭਾਈਚਰਿਆਂ ਦੇ ਲੋਕਾਂ ਨੇ ਸ਼ਿਰਕਤ ਕੀਤੀ। ਇਸ ਲੁਬਾਣਾ ਗਾਲਾ ਨਾਈਟ ਵਿਚ ਕੰਜ਼ਰਵੇਟਿਵ ਪਾਰਟੀ ਦੇ ਲੀਡਰ ਪੀਅਰ ਪਾਲੀਵਰ ਤੋਂ ਇਲਾਵਾ ਬਰੈਂਪਟਨ ਦੇ ਡਿਪਟੀ ਮੇਅਰ ਹਰਕੀਰਤ ਸਿੰਘ, ਐਮਪੀਪੀ ਹਰਦੀਪ ਸਿੰਘ ਅਤੇ ਰੀਜਨਲ ਕੌਂਸਲਰ ਗੁਰਪ੍ਰਤਾਪ ਸਿੰਘ ਤੂਰ ਨੇ ਹਾਜਰੀ ਲਗਵਾਈ ਅਤੇ ਲੁਬਾਣਾ ਭਾਈਚਾਰੇ ਨੂੰ ਸ਼ੁਭ ਇੱਛਾਵਾਂ ਦਿੱਤੀਆਂ। ਇਸ ਨਾਈਟ ਨੂੰ ਕਾਮਯਾਬ ਬਣਾਉਣ ਲਈ ਸੰਸਥਾ ਦੇ ਪ੍ਰਧਾਨ ਬਲਵਿੰਦਰ ਸਿੰਘ ਮਿਆਨੀ, ਐਗਜੀਕਿਊਟਿਵ ਤੇ ਐਡਵਾਈਜ਼ਰੀ ਕਮੇਟੀ ਦੇ ਮੈਂਬਰ ਸੁਖਜਿੰਦਰ ਸਿੰਘ, ਹਰਦੇਵ ਸਿੰਘ, ਤਜਿੰਦਰਪਾਲ ਸਿੰਘ, ਅਮਰਜੀਤ ਸਿੰਗ ਭਟਨੂਰਾ, ਲਖਵੀਰ ਸਿੰਘ ਘਤੜਾ, ਭੁਪਿੰਦਰ ਸਿੰਘ ਮੁਲਤਾਨੀ, ਬਲਵਿੰਦਰ ਸਿੰਘ, ਹਰਨੇਕ ਸਿੰਘ ਰਾਮਗੜ੍ਹ, ਪਰਮਜੀਤ ਸਿੰਘ ਮੁਲਤਾਨੀ, ਦੀਦਾਰ ਸਿੰਘ ਮੱਠੋਂ, ਜਸਬੀਰ ਸਿੰਘ, ਜਗੀਰ ਸਿੰਘ ਮੁਲਤਾਨੀ, ਅੰਮ੍ਰਿਤਪਾਲ ਸਿੰਘ ਪੇਲੀਆ, ਗੁਰਦੇਵ ਘੋਤੜਾ, ਮਨਿੰਦਰ ਸਿੰਘ ਘੋਤੜਾ, ਬੂਟਾ ਸਿੰਘ ਲੁਬਾਣਾ, ਜ਼ੀਨਥ ਸਿੰਘ, ਸੰਦੀਪ ਸਿੰਘ ਮੁਲਤਾਨੀ, ਮਨਜੀਤ ਮੁਲਤਾਨੀ, ਗੁਰਭਿੰਦਰ ਸਿੰਘ ਲੁਬਾਣਾ ਆਦਿ ਨੇ ਸਹਿਯੋਗ ਦਿੱਤਾ। ਇਸ ਤੋਂ ਇਲਾਵਾ ਗਿੱਧੇ ਅਤੇ ਭੰਗੜੇ ਦੀਆਂ ਰੌਚਕ ਕਲਾਕਾਰੀਆਂ ਵੀ ਪੇਸ਼ ਕੀਤੀਆਂ ਗਈਆਂ ਅਤੇ ਆਏ ਮਹਿਮਾਨਾਂ ਦਾ ਖੂਬ ਮਨੋਰੰਜਨ ਵੀ ਕੀਤਾ ਗਿਆ।













NOW HIRING !!!
ALLKIND INSURANCE
•Life Insurance •Super Visa Insurance
•Critical illness Ins •Mortgage Insurance
•Travel & Visitor Ins •Disability Insurance
•RESP & TFSA & RRSP •Funeral Insurance
SIMRAN SAINI 416.994.7272
www.allkindinsurance.com

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL Insurance Advisor 416-724-5000

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352) Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

INSURANCE
○Home ○Auto
○Business ○Trucking
○Life Insurance ○Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

HOME APPLIANCES STORE
ANNIVERSARY SPECIAL DEAL
PRICE $5199* NO TAX
UPGARDE LAUNDRY IN JUST $99*
KitchenAid moffat MAYTAG LG SAMSUNG Electrolux JENNAIR BOSCH Whirlpool
416-551-5553 WWW.OURRHOMEAPPLIANCES.COM

GURBIR CHAHAL Sales Representative 416.566.7605
gurbir.chahal@yahoo.com
ROYAL LePAGE Flower City Realty Off: 905.230.3100

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

PEST PROBLEM ?
Residential & Commercial
All Pest Control
100% Customer Satisfaction
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc. Residential, Commercial www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
-Real Estate -Commercial Lease
-Business Purchase & Sale
-Notarizations & Affidavits
-Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

Canada Consumer Credit Assistance ਕਰਜ਼ਾ ਰਹਿਤ ਜਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types · Walkie pallet Low Lift · Electric Motor Narrow Aisle Reach · Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

KELLEY LAW OFFICE
Immigration · Real Estate
Family Law · Business Closing
Corporate · Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish •Racoons
Call : PARESH PATEL (Government Approved Licensed Technician)
416 938 4598

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

# ਸਾਲ 2022 ਦੇ ਉਸਾਰੂ ਤੇ ਉਤਪਾਦਕ ਪਾਰਲੀਮੈਂਟ ਸੈਸ਼ਨ ਦਾ ਸਫ਼ਰ ਮੈਂਬਰ ਪਾਰਲੀਮੈਂਟ ਸੋਨੀਆ ਸਿੱਧੂ ਨੇ ਦੋ ਸਫ਼ਲ ਅੰਤਰ-ਰਾਸ਼ਟਰੀ ਫੇਰੀਆਂ ਨਾਲ ਸੰਪੰਨ ਕੀਤਾ








ਬਰੈਂਪਟਨ, 22 ਦਸੰਬਰ (ਪੋਸਟ ਬਿਊਰੋ): ਸਾਲ 2022 ਹੁਣ ਅਖ਼ੀਰਲੇ ਪੜਾਅ 'ਤੇ ਹੈ ਅਤੇ ਇਸ ਦੇ ਦੌਰਾਨ ਬਰੈਂਪਟਨ ਸਾਊਥ ਤੋਂ ਮੈਂਬਰ ਪਾਰਲੀਮੈਂਟ ਸੋਨੀਆ ਸਿੱਧੂ ਨੇ ਪਾਰਲੀਮੈਂਟ ਸੈਸ਼ਨ ਦਾ ਇਹ ਸਮਾਂ ਆਪਣੀਆਂ ਦੋ ਅੰਤਰ-ਰਾਸ਼ਟਰੀ ਉਸਾਰੂ ਤੇ ਉਤਪਾਦਕ ਫੇਰੀਆਂ ਨਾਲ ਸਫਲ਼ਤਾ ਪੂਰਵਕ ਸੰਪੰਨ ਕੀਤਾ ਹੈ। ਜਿਨ੍ਹਾਂ ਵਿਚ ਸੈਨ ਡੀਗੋ, ਕੈਲੇਫ਼ੋਰਨੀਆ ਦੇ ਟੂਰ ਸਮੇਤ ਲਿਸਬਨ, ਪੁਰਤਗਾਲ ਵਿਖੇ ਹੋਈ ਡਾਇਬੇਟੀਜ਼ ਸਬੰਧੀ ਅੰਤਰ-ਰਾਸ਼ਟਰੀ ਕਾਨਫ਼ਰੰਸ ਵੀ ਸ਼ਾਮਲ ਹੈ।

'ਸਟੇਟੱਸ ਆਫ਼ ਵਿਮੈੱਨ ਕਮੇਟੀ' ਦੀ ਮੈਂਬਰ ਹੋਣ ਦੇ ਨਾਤੇ ਉਨ੍ਹਾਂ ਨੇ ਆਪਣੇ ਸਾਥੀਆ ਨਾਲ ਸਰਕਾਰ ਨੂੰ ਦੋ ਰਿਪੋਰਟਾਂ ਪੇਸ਼ ਕੀਤੀਆਂ। ਪਹਿਲੀ ਰਿਪੋਰਟ ਕੈਨੇਡਾ ਵਿੱਚ ਅਤਿ-ਨੇੜਲੇ ਸਾਥੀਆਂ ਅਤੇ ਪਰਿਵਾਰਾਂ ਵਿੱਚ ਚੱਲ ਰਹੀ ਹਿੰਸਾ ਉੱਪਰ ਕੇਂਦ੍ਰਿਤ ਸੀ। ਇਹ ਰਿਪੋਰਟ ਕੈਨੇਡਾ ਸਰਕਾਰ ਨੂੰ ਘਰੇਲੂ ਹਿੰਸਾ ਰੋਕਣ ਅਤੇ ਪੀੜਤਾਂ ਦੀ ਯੋਗ ਸਹਾਇਤਾ ਕਰਨ ਲਈ ਲਏ ਜਾਣ ਵਾਲੇ ਢੰਗਾਂ ਤਰੀਕਿਆਂ ਦੇ ਸੁਝਾਵਾਂ ਬਾਰੇ ਸੀ। ਦੂਸਰੀ ਰਿਪੋਰਟ ਕੈਨੇਡਾ ਦੀਆਂ ਪੁਰ-ਾਤਨ-ਵਾਸੀ 'ਇੰਡੀਜੀਨੀਅਸ' ਔਰਤਾਂ ਅਤੇ ਲੜਕੀਆਂ ਬਾਰੇ ਸੀ। ਇਸ ਦੇ ਬਾਰੇ ਐੱਮ.ਪੀ. ਸੋਨੀਆ ਸਿੱਧੂ ਨੇ ਸੈਨ ਡੀਗੋ ਵਿੱਚ ਡਿਸਟ੍ਰਿਕਟ ਅਟਾਰਨੀ ਦੇ ਨਾਲ ਵਿਸਥਾਰ ਪੂਰਵਕ ਚਰਚਾ ਕੀਤੀ ਜੋ ਕਿ 'ਫ਼ੈਮਿਲੀ ਜਸਟਿਸ ਮਾਡਲ' ਦੇ ਚੈਂਪੀਅਨ ਹਨ ਅਤੇ ਇਹ ਮਾਡਲ ਪੀਲ ਰੀਜਨ ਦੇ ਸੁਰੱਖ਼ਿਅਤ ਸੈਂਟਰ ਬਰੈਂਪਟਨ ਵਿੱਚ ਸਫ਼ਲਤਾ ਪੂਰਵਕ ਕੰਮ ਕਰ ਰਿਹਾ ਹੈ। ਇਸ ਹਫ਼ਤੇ ਦੇ ਆਰੰਭ ਵਿੱਚ ਸੋਨੀਆ ਸਿੱਧੂ ਪੁਰਤਗਾਲ ਦੇ ਉਸਾਰੂ ਪਾਰਲੀਮੈਂਟ ਦੌਰੇ ਤੋਂ ਵਾਪਸ ਪਰਤੇ। ਉਨ੍ਹਾਂ ਨੇ ਕਾਨਫ਼ਰੰਸ ਵਿੱਚ 'ਆਲ ਪਾਰਟੀ ਡਾਇਬੇਟੀਜ਼ ਕਾਕੱਸ' ਅਤੇ 'ਡਾਇਰੈਕੱਟਰ ਕੈਨੇਡਾ-ਪੁਰਤਗਾਲ ਪਾਰਲੀਮੈਂਟਰੀ ਫ਼ਰੈਂਡਸ਼ਿਪ ਗਰੱਪ' ਵਜੋਂ ਸ਼ਿਰਕਤ ਕੀਤੀ।

ਉਨ੍ਹਾਂ ਨੂੰ ਉੱਥੇ 'ਇੰਟਰਨੈਸ਼ਨਲ ਡਾਇਬੇਟੀਜ਼ ਫ਼ੈੱਡਰੇਸ਼ਨ ਕਾਨਫ਼ਰੰਸ 2022' ਨੂੰ ਸੰਬੋਧਨ ਕਰਨ ਲਈ ਸੱਦਾ-ਪੱਤਰ ਭੇਜਿਆ ਗਿਆ ਸੀ। ਕਾਨਫ਼ਰੰਸ ਵਿੱਚ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਨੇ ਕੈਨੇਡਾ ਦੀ ਪਾਰਲੀਮੈਂਟ ਵਿਚ ਡਾਇਬੇਟੀਜ਼ ਸਬੰਧੀ ਬਿੱਲ ਪਾਸ ਕਰਵਾਉਣ ਦੀ ਆਪਣੀ ਸਫ਼ਲਤਾ ਬਾਰੇ ਦੱਸਿਆ ਜਿਸ ਨਾਲ ਕੈਨੇਡਾ ਵਿਚ 'ਨੈਸ਼ਨਲ ਫ਼ਰੇਮਵਰਕ ਫ਼ਾਰ ਡਾਇਬੇਟੀਜ਼' ਦੀ ਸਥਾਪਨਾ ਹੋਵੇਗੀ।

ਇਸ ਦੇ ਬਾਰੇ ਦੱਸਦਿਆਂ ਸੋਨੀਆ ਸਿੱਧੂ ਨੇ ਕਿਹਾ, "ਭਾਵੇਂ ਕੈਨੇਡਾ-ਵਾਸੀਆਂ ਲਈ ਚੰਗੇਰਾ ਸਿਹਤ-ਢਾਂਚਾ ਬਨਾਉਣ ਦੀ ਗੱਲ ਹੋਵੇ ਤੇ ਭਾਵੇਂ ਘਰੇਲੂ-ਹਿੰਸਾ ਨੂੰ ਰੋਕਣ ਲਈ ਹੰਭਲਾ ਮਾਰਨਾ ਹੋਵੇ, ਤੇ ਭਾਵੈਂ ਬਰੈਂਪਟਨ-ਵਾਸੀਆਂ ਦਾ ਕੋਈ ਵੀ ਮਸਲਾ ਹੋਵੇ, ਮੈਂ ਇਨ੍ਹਾਂ ਲਈ ਪਹਿਲਾਂ ਵੀ ਕੰਮ ਕਰਦੀ ਰਹੀ ਹਾਂ ਅਤੇ ਅੱਗੋਂ ਵੀ ਇਹ ਕੰਮ ਇੰਜ ਹੀ ਜਾਰੀ ਰੱਖਾਂਗੀ। ਮੈਂ ਜਾਣਦੀ ਹੈ ਕਿ ਇਨ੍ਹਾਂ ਮੁੱਦਿਆਂ ਉੱਪਰ ਅਜੇ ਬਹੁਤ ਕੰਮ ਕਰਨ ਵਾਲਾ ਹੈ ਅਤੇ ਮੈਂ ਇਨ੍ਹਾਂ ਲਈ ਔਟਵਾ ਵਿੱਚ ਤੁਹਾਡੀ ਆਵਾਜ਼ ਬੁਲੰਦ ਕਰਦੀ ਰਹਾਂਗੀ।"

ਕੌਮੀ ਪੱਧਰ 'ਤੇ ਸਿਹਤ ਸੁਰੱਖਿਆ ਅਤੇ ਔਰਤਾਂ ਦੇ ਅਧਿਕਾਰਾਂ ਬਾਰੇ ਚੱਲ ਰਹੀਆਂ ਕਾਰਵਾਈਆਂ ਬਾਰੇ ਮੈਂਬਰ ਪਾਰਲੀਮੈਂਟ ਸੋਨੀਆ ਸਿੱਧੂ ਬਰੈਂਪਟਨ-ਵਾਸੀਆਂ ਨੂੰ ਗਾਹੇ-ਬਗਾਹੇ ਜਾਣਕਾਰੀ ਪ੍ਰਦਾਨ ਕਰਦੇ ਰਹਿੰਦੇ ਹਨ ਅਤੇ ਉਨ੍ਹਾਂ ਨਵੇਂ ਸਾਲ ਵਿੱਚ ਵੀ ਇੰਜ ਹੀ ਕੰਮ ਕਰਨ ਦੇ ਆਪਣੇ ਅਹਿਦ ਨੂੰ ਦੁਹਰਾਇਆ। ਇਸ ਦੇ ਨਾਲ ਹੀ ਉਨ੍ਹਾਂ ਨੇ ਸਾਰਿਆਂ ਨੂੰ ਆਉਣ ਵਾਲੇ ਨਵੇਂ ਸਾਲ ਦੀ ਅਗਾਊਂ ਮੁਬਾਰਕਬਾਦ ਵੀ ਸਾਂਝੀ ਕੀਤੀ।

# ਦਸਤਾਰ ਅਤੇ ਗੁਰਬਾਣੀ ਦੇ ਮੁਕਾਬਲੇ ਕਰਵਾਏ

* ਪੰਜਾਬੀ ਅਤੇ ਕੀਰਤਨ-ਗੁਰਬਾਣੀ ਸੰਥਿਆ ਦੀਆਂ ਕਲਾਸਾਂ ਮਈ ਤੋਂ





ਕੈਲਾਡਾਨ, 22 ਦਸੰਬਰ (ਪੋਸਟ ਬਿਊਰੋ)- ਗੁਰਦੁਆਰਾ ਸਾਹਿਬ ਗੁਰੂ ਨਾਨਕ ਨਿਸ਼ਕਾਮ ਸੇਵਾ ਸੈਂਟਰ, 12356, ਬਰੈਮਲੀ ਰੋਡ, ਕੈਲੇਡਾਨ ਵਿਖੇ ਪੀਲ ਬੋਰਡ ਸਕੂਲ ਵਲੋਂ 5 ਤੋਂ 18 ਸਾਲ ਦੇ ਬੱਚਿਆਂ ਦੇ ਦਸਤਾਰ ਅਤੇ ਗੁਰਬਾਣੀ ਦੇ ਮੁਕਾ-ਬਲੇ ਕਰਵਾਏ ਗਏ। ਜਿਸ ਵਿਚ ਯੋਗਤਾ ਅਨੁਸਾਰ ਨਕਦ ਇਨਾਮ ਅਤੇ ਸਰਟੀਫਿਕੇਟ ਵੀ ਵੰਡੇ ਗਏ। ਇਸ ਦੇ ਨਾਲ ਹੀ ਦੱਸਣਯੋਗ ਹੈ ਕਿ ਪੰਜਾਬੀ ਤੇ ਕੀਰਤਨ-ਗੁਰਬਾਣੀ ਸੰਥਿਆ ਦੀਆਂ ਕਲਾਸਾਂ ਮਈ, 2023 ਤੋਂ ਸ਼ੁਰੂ ਹੋ ਰਹੀਆਂ ਹਨ। ਵਧੇਰੇ ਜਾਣਾਕਰੀ ਲਈ 647-760-9300 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

# ਦਵਾਈਆਂ ਦੀ ਘਾਟ ਪੂਰੀ ਕਰਨ ਲਈ ਘਰੇਲੂ ਉਤਪਾਦਨ ਦੀ ਥਾਂ ਦਵਾਈਆਂ ਇੰਪੋਰਟ ਕਰਨ ਦੇ ਹੱਕ ਵਿੱਚ ਹਨ ਟਰੂਡੋ




ਓਟਵਾ, 22 ਦਸੰਬਰ (ਪੋਸਟ ਬਿਊਰੋ) : ਕੈਨੇਡਾ ਵਿੱਚ ਬੱਚਿਆਂ ਦੀਆਂ ਦਵਾਈਆਂ ਦੀ ਘਾਟ ਪਾਈ ਜਾ ਰਹੀ ਹੈ ਪਰ ਅਜਿਹੇ ਵਿੱਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਕਹਿਣਾ ਹੈ ਕਿ ਉਹ ਨਹੀਂ ਜਾਣਦੇ ਕਿ ਫਾਰਮਾਸਿਊਟੀਕਲਜ਼ ਦੇ ਘਰੇਲੂ ਉਤਪਾਦਨ ਵਿੱਚ ਵਾਧਾ ਕੀਤਾ ਜਾਣਾ ਇਸ ਸਮੱਸਿਆ ਦਾ ਸਹੀ ਹੱਲ ਹੋਵ-ੇਗਾ।

ਇੱਕ ਇੰਟਰਵਿਊ ਵਿੱਚ ਉਨ੍ਹਾਂ ਆਖਿਆ ਕਿ ਇਨ੍ਹਾਂ ਦਵਾਈਆਂ ਦੇ ਘਰੇਲੂ ਉਤਪਾਦਨ ਦੀ ਥਾਂ ਭਰੋਸੇਯੋਗ ਸਪਲਾਈ ਚੇਨਜ਼ ਤੇ ਸਮਝੌਤਿਆਂ ਰਾਹੀਂ ਵੀ ਦਵਾਈਆਂ ਦੀ ਲੋੜੀਂਦੀ ਮਾਤਰਾ ਹਾਸਲ ਕੀਤੀ ਜਾ ਸਕਦੀ ਹੈ। ਜ਼ਿਕਰਯੋਗ ਹੈ ਕਿ ਕਈ ਮਹੀਨਿਆਂ ਤੋਂ ਕੈਨੇਡਾ ਵਿੱਚ ਬੱਚਿਆਂ ਦੀਆਂ ਦਰਦਨਿਵਾਰਕ ਦਵਾਈਆਂ ਦੀ ਕਿੱਲਤ ਪਾਈ ਜਾ ਰਹੀ ਹੈ। ਦੂਜੇ ਪਾਸੇ ਸਾਹ ਸਬੰਧੀ ਵਾਇਰਸ ਤੇ ਇਨਫਲੂਐਂਜ਼ਾ ਦੇ ਮਾਮਲੇ ਵੱਧ ਜਾਣ ਕਾਰਨ ਬੱਚਿਆਂ ਦਾ ਬੁਖਾਰ ਤੇ ਦਰਦ ਠੀਕ ਕਰਨ ਲਈ ਹੱਥ ਪੈਰ ਮਾਰ ਰਹੇ ਮਾਪਿਆਂ ਦੀ ਜਾਨ ਮੁੱਠੀ ਵਿੱਚ ਆਈ ਹੋਈ ਹੈ।

ਦਵਾਈਆਂ ਦੀ ਘਾਟ ਕਾਰਨ ਲੋੜੀਂਦੀਆਂ ਦਵਾਈਆਂ ਦੇ ਉਤਪਾਦਨ ਵਿੱਚ ਵਧੇਰੇ ਨਿਵੇਸ਼ ਕਰਨ ਦੀ ਮੰਗ ਵੀ ਉੱਠ ਰਹੀ ਹੈ। ਪਰ ਟਰੂਡੋ ਦਾ ਕਹਿਣਾ ਹੈ ਕਿ ਟੈਕਸਦਾਤਾਵਾਂ ਦੇ ਡਾਲਰਾਂ ਦੀ ਇਹ ਬਿਹਤਰੀਨ ਵਰਤੋਂ ਨਹੀਂ ਹੋਵੇਗੀ। ਉਨ੍ਹਾਂ ਆਖਿਆ ਕਿ ਉਹ ਬਿਹਤਰੀਨ ਪਹੁੰਚ ਅਪਣਾ ਕੇ ਦਵਾਈਆਂ ਦੀ ਇਸ ਕਮੀ ਨੂੰ ਪੂਰਾ ਕਰਨ ਲਈ ਪੂਰੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਇਹ ਵੀ ਆਖਿਆ ਕਿ ਇਸ ਲਈ ਉਨ੍ਹਾਂ ਨੂੰ ਭਾਵੇਂ ਦੁਨੀਆ ਦੇ ਕਿਸੇ ਵੀ ਕੋਨੇ ਤੋਂ ਦਵਾਈਆਂ ਮੰਗਵਾਉਣੀਆਂ ਪੈਣ ਉਹ ਮੰਗਵਾਉਣਗੇ।

ਜਿਨ੍ਹਾਂ ਦਵਾਈਆਂ ਦੀ ਘਾਟ ਚੱਲ ਰਹੀ ਹੈ ਉਨ੍ਹਾਂ ਦੀ ਪੂਰਤੀ ਲਈ ਕੈਨੇਡੀਅਨ ਸਰਕਾਰ ਇੰਪੋਰਟਸ ਉੱਤੇ ਨਿਰਭਰ ਹੈ। ਹੈਲਥ ਕੈਨੇਡਾ ਵੱਲੋਂ ਵਿਦੇਸ਼ਾਂ ਤੋਂ 1.9 ਮਿਲੀਅਨ ਅਜਿਹੀਆਂ ਦਵਾਈਆਂ ਦੀਆਂ ਸ਼ੀਸ਼ੀਆਂ ਮੰਗਵਾਈਆਂ ਗਈਆਂ ਹਨ ਤੇ ਅਜੇ ਹੋਰ ਆਉਣੀਆਂ ਬਾਕੀ ਹਨ। ਇਹ ਖੁਲਾਸਾ ਸਰਕਾਰੀ ਤਰਜ਼ਮਾਨ ਵੱਲੋਂ ਕੀਤਾ ਗਿਆ। ਉਨ੍ਹਾਂ ਇਹ ਵੀ ਆਖਿਆ ਕਿ ਇਨ੍ਹਾਂ ਦਵਾਈਆਂ ਦੀ ਘਾਟ ਨੂੰ ਪੂਰਾ ਕਰਨ ਲਈ ਸਰਕਾਰ ਹਰ ਹੀਲਾ ਵਰਤ ਰਹੀ ਹੈ। ਪਰ ਇਸ ਦੌਰਾਨ ਫਾਰਮਾਸਿਸਟਸ ਵੱਲੋਂ ਇਹ ਚੇਤਾਵਨੀ ਜਾਰੀ ਕੀਤੀ ਗਈ ਹੈ ਕਿ ਇਹ ਇੰਪੋਰਟ ਕਾਫੀ ਨਹੀਂ ਹੋਵੇਗਾ।

# ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਇੱਕ ਹਲਾਕ

ਦਰਹਾਮ, 22 ਦਸੰਬਰ (ਪੋਸਟ ਬਿਊਰੋ) : ਮੰਗਲਵਾਰ ਰਾਤ ਨੂੰ ਪਿੱਕਰਿੰਗ ਵਿੱਚ ਇੱਕ ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਇੱਕ ਵਿਅਕਤੀ ਦੀ ਮੌਤ ਹੋ ਗਈ।

ਇਹ ਘਟਨਾ ਵ੍ਹਾਈਟਸ ਰੋਡ ਦੇ ਪੱਛਮ ਵਿੱਚ ਕਿੰਗਸਟਨ ਤੇ ਰੋਜ਼ਬੈਂਕ ਰੋਡਜ਼ ਇਲਾਕੇ ਵਿੱਚ ਰਾਤੀਂ 9:30 ਵਜੇ ਦੇ ਨੇੜੇ ਤੇੜੇ ਵਾਪਰੀ। ਦਰਹਾਮ ਪੁਲਿਸ ਨੇ ਦੱਸਿਆ ਕਿ ਇਸ ਘਟਨਾ ਵਿੱਚ ਸ਼ਾਮਲ ਡਰਾਈਵਰ ਮੌਕੇ ਉੱਤੇ ਹੀ ਮੌਜੂਦ ਰਿਹਾ। ਅਜੇ ਤੱਕ ਇਸ ਸਬੰਧ ਵਿੱਚ ਕੋਈ ਜਾਣਕਾਰੀ ਹਾਸਲ ਨਹੀਂ ਹੋਈ ਕਿ ਕਿਸੇ ਤਰ੍ਹਾਂ ਦੇ ਚਾਰਜਿਜ਼ ਲਾਏ ਗਏ ਹਨ ਜਾਂ ਨਹੀਂ।

ਕਿੰਗਸਟਨ ਰੋਡ ਨੂੰ ਦੋਵਾਂ ਪਾਸਿਆਂ ਤੋਂ ਬੰਦ ਕਰ ਦਿੱਤਾ ਗਿਆ ਹੈ ਤੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।






# ਰਾਜਨੀਤੀ, ਪ੍ਰਸ਼ਾਸਨ ਤੇ ਧਰਮ ਖੇਤਰ ਦੀ ਬੇਭਰੋਸਗੀ ਵਿਚਾਲੇ ਫਸਿਆ ਆਮ ਆਦਮੀ

ਜਤਿੰਦਰ ਪਨੂੰ ਦੀ ਕਲਮ ਤੋਂ



ਭਾਰਤ ਦਾ ਆਮ ਆਦਮੀ ਇਸ ਵਕਤ ਸਿਖਰਾਂ ਦੀ ਬੇਭਰੋਸਗੀ ਦੀ ਉਲਝਣ ਵਿੱਚ ਫਸਿਆ ਪਿਆ ਹੈ। ਕਿਸੇ ਧਿਰ ਜਾਂ ਧੜੇ, ਪਾਰਟੀ ਜਾਂ ਪ੍ਰਸ਼ਾਸਨ, ਜਾਂ ਫਿਰ ਧਰਮ ਖੇਤਰ ਵਿੱਚ ਭਰੋਸੇ ਦੀ ਹਾਲਤ ਦਿਖਾਈ ਨਹੀਂ ਦੇ ਰਹੀ।

ਪਹਿਲੀ ਗੱਲ ਪ੍ਰਸ਼ਾਸਨਿਕ ਖੇਤਰ ਦੀ ਹੈ, ਜਿਹੜਾ ਸਮਾਜ ਦਾ ਅਸਲੀ ਚਾਲਕ ਧੁਰਾ ਹੁੰਦਾ ਹੈ। ਜਦੋਂ ਵਿਧਾਨ ਸਭਾ ਜਾਂ ਪਾਰਲੀਮੈਂਟ ਚੋਣਾਂ ਹੋਣੀਆਂ ਹੋਣ, ਸਿਆਸੀ ਆਗੂਆਂ ਉੱਤੇ ਬੰਦਸ਼ਾਂ ਲੱਗ ਜਾਂਦੀਆਂ ਹਨ ਤੇ ਪ੍ਰਸ਼ਾਸਨਿਕ ਅਧਿਕਾਰੀਆਂ ਦੇ ਹੱਥ ਸਾਰੀ ਕਮਾਨ ਆ ਜਾਂਦੀ ਹੈ। ਕਈ ਵਾਰੀ ਕਿਸੇ ਰਾਜ ਦੀ ਸਰਕਾਰ ਤੋੜਨ ਦੀ ਨੌਬਤ ਆ ਜਾਵੇ ਤਾਂ ਸਰਕਾਰ ਦੀ ਸਿਆਸੀ ਲੀਡਰਸ਼ਿਪ ਕੁਰਸੀਆਂ ਤੋਂ ਉਠਾਈ ਜਾਂਦੀ ਹੈ, ਪ੍ਰਸ਼ਾਸਨਿਕ ਲੀਡਰਸ਼ਿਪ ਜਾਂ ਅਧਿਕਾਰੀਆਂ ਨੂੰ ਲਾਂਭੇ ਨਹੀਂ ਕੀਤਾ ਜਾਂਦਾ, ਸਗੋਂ ਉਨ੍ਹਾਂ ਦੀ ਹੈਸੀਅਤ ਪਹਿਲਾਂ ਨਾਲੋਂ ਵੀ ਵਧ ਜਾਂਦੀ ਹੈ। ਇਸ ਦਾ ਭਾਵ ਇਹ ਹੈ ਕਿ ਸਿਆਸੀ ਲੀਡਰਸ਼ਿਪ ਤਾਂ ਆਉਣੀ-ਜਾਣੀ ਹੈ, ਪ੍ਰਸ਼ਾਸਨ ਦੀ ਰੀੜ੍ਹ ਦੀ ਅਸਲ ਹੱਡੀ ਅਧਿਕਾਰੀਆਂ ਦੀ ਚੇਨ ਹੁੰਦੀ ਹੈ, ਪਰ ਜੇ ਉਹ ਚੇਨ ਵੀ ਲੋਕਾਂ ਦੇ ਭਰੋਸੇ ਵਾਲੀ ਨਾ ਰਹੇ ਤਾਂ ਸਿਸਟਮ ਫੇਲ੍ਹ ਹੋਣ ਦੀ ਨੌਬਤ ਹੁੰਦੀ ਹੈ। ਇਸ ਵੇਲੇ ਇਹੋ ਕੁਝ ਹੁੰਦਾ ਪਿਆ ਹੈ। ਕਈ ਸਾਬਕਾ ਤੇ ਮੌਜੂਦਾ ਪ੍ਰਸ਼ਾਸਨਿਕ ਅਤੇ ਪੁਲਸ ਅਧਿਕਾਰੀ ਏਦਾਂ ਦੇ ਕੇਸਾਂ ਵਿੱਚ ਫਸੇ ਹੋਏ ਹਨ, ਜਿਨ੍ਹਾਂ ਵਿੱਚੋਂ ਕੁਝ ਕੇਸਾਂ ਬਾਰੇ ਗੱਲ ਕਰਦਿਆਂ ਕਚਿ੍ਆਣ ਆਉਂਦੀ ਹੈ। ਅਸੀਂ ਕਦੇ-ਕਦੇ ਇਹ ਸੁਣਿਆ ਕਰਦੇ ਸਾਂ ਕਿ ਫਲਾਣੇ ਆਗੂ ਨੇ ਮੁਫਤ ਦਾ ਮਾਲ ਚਰਨ ਵੇਲੇ ਮੁੱਛਾਂ ਵੀ ਲਬੇੜ ਲਈਆਂ ਹਨ, ਪਰ ਅੱਜਕੱਲ੍ਹ ਕਈ ਅਫਸਰਾਂ ਦੀ ਹਾਲਤ ਏਦਾਂ ਦੀ ਹੈ ਕਿ ਉਨ੍ਹਾਂ ਨੇ ਮੁੱਛਾਂ ਤੋਂ ਅੱਗੇ ਵਧ ਕੇ ਬੂਥੇ ਵੀ ਲਬੇੜੇ ਪਏ ਹਨ। ਆਏ ਦਿਨ ਵਿਜੀਲੈਂਸ ਕੋਲ ਅਤੇ ਅਦਾਲਤਾਂ ਵਿੱਚ ਪੇਸ਼ੀਆਂ ਹੁੰਦੀਆਂ ਹਨ ਅਤੇ ਉਹ ਬੜੀ ਬੇਸ਼ਰਮੀ ਨਾਲ ਕਹੀ ਜਾਂਦੇ ਹਨ ਕਿ ਕੁਝ ਗਲਤ ਨਹੀਂ ਕੀਤਾ, ਉਨ੍ਹਾਂ ਨੂੰ ਝੂਠੇ ਫਸਾਇਆ ਗਿਆ ਹੈ।

ਪੁਲਸ ਦੇ ਅਧਿਕਾਰੀਆਂ ਵਿੱਚ ਭ੍ਰਿਸ਼ਟਾਚਾਰ ਤੋਂ ਅੱਗੇ ਵਧ ਕੇ ਗੁੰਡਿਆਂ ਵਾਲੇ ਚਾਲਿਆਂ ਦੀ ਅਸਲ ਹਾਲਤ ਪਹਿਲਾਂ ਅਸ਼ੀਸ਼ ਕਪੂਰ ਨਾਂਅ ਦੇ ਇੱਕ ਏ ਆਈ ਜੀ (ਜਿਹੜਾ ਜ਼ਿਲਾ ਪੁਲਸ ਮੁਖੀ ਦੇ ਪੱਧਰ ਦਾ ਅਫਸਰ ਹੈ) ਦੇ ਕੇਸ ਤੋਂ ਪੰਜਾਬ ਦੇ ਲੋਕਾਂ ਸਾਹਮਣੇ ਆਈ ਸੀ, ਉਹ ਇਸ ਵੇਲੇ ਜੇਲ੍ਹ ਵਿੱਚ ਹੈ ਤੇ ਜ਼ਮਾਨਤ ਨਹੀਂ ਹੋ ਰਹੀ। ਪਿਛਲੀ ਸਰਕਾਰ ਦੌਰਾਨਉਸ ਨੂੰ ਬੁਰੀ ਤਰ੍ਹਾਂ ਫਸ ਜਾਣ ਅਤੇ ਦੋਸ਼ੀ ਸਾਬਤ ਹੋਣ ਮਗਰੋਂ ਤਿੰਨ ਪੁਲਸ ਅਫਸਰਾਂ ਦੀ ਕਮੇਟੀ ਬਣਾ ਕੇ ਕੇਸ ਦੀ ਕਲੀਨ-ਚਿੱਟ ਦਿਵਾਈ ਗਈ ਸੀ। ਓਦੋਂ ਮਿਲੇ ਸਬੂਤ ਵੀਸਰਕਾਰ ਬਦਲਣ ਦੇ ਬਾਅਦਫਿਰ ਬਾਹਰ ਆ ਗਏ, ਆਸ਼ੀਸ਼ ਕਪੂਰ ਦੇ ਬਚਾਅ ਲਈ ਖੜੇ ਕੀਤੇ ਝੂਠੇ ਗਵਾਹ ਵੀ ਮੁੱਕਰ ਗਏ ਤੇ ਓਦੋਂ ਉਸ ਨੂੰ ਕਲੀਨ-ਚਿੱਟ ਦੇ ਕੇ ਬਚਾਉਣ ਵਾਲੇ ਸੀਨੀਅਰ ਪੁਲਸ ਅਫਸਰ ਵੀ ਫਸਦੇ ਨਜ਼ਰ ਆ ਰਹੇ ਹਨ। ਇਸ ਕੇਸ ਦੀ ਚਰਚਾ ਦੌਰਾਨ ਹੀ ਚੰਡੀਗੜ੍ਹ ਦੇ ਐੱਸ ਐੱਸ ਪੀ ਕੁਲਦੀਪ ਸਿੰਘ ਚਾਹਲ ਦੇ ਇਹੋ ਜਿਹੇ ਕਿੱਸੇ ਲੋਕਾਂ ਸਾਹਮਣੇ ਆਏ ਹਨ, ਜਿਨ੍ਹਾਂ ਵਿੱਚ ਉਹ ਅਤੇ ਆਸ਼ੀਸ਼ ਕਪੂਰ ਅਤੇ ਉਨ੍ਹਾਂ ਵਰਗੇ ਕੁਝ ਹੋਰ ਪੁਲਸ ਅਫਸਰ ਮਿਲ ਕੇ ਜੋ ਕਹਿਰ ਗੁਜ਼ਾਰਦੇ ਰਹੇ ਸਨ, ਉਹ ਸਾਰਾ ਤੌਬਾ-ਤੌਬਾ ਕਰਵਾਉਣ ਤੇ ਇਹ ਸਾਬਤ ਕਰਨ ਵਾਲਾ ਨਿਕਲਿਆ ਹੈ ਕਿ ਵਰਦੀਆਂ ਵਿੱਚ ਗੁੰਡਿਆਂ ਦੀ ਧਾੜ ਬੜੀ ਵਧ ਚੁੱਕੀ ਹੈ। ਬੁਰਿਆਈਆਂ ਕਰਨ ਤੋਂ ਜਿਹੜੇ ਕੁਝ ਕੁ ਅਫਸਰ ਹਾਲੇ ਤੱਕ ਬਚੇ ਹੋਏ ਹਨ, ਉਹ ਪੁਲਸ ਵਿਭਾਗ ਵਿੱਚ ਘੁਟਨ ਮਹਿਸੂਸ ਕਰਦੇ ਹਨ, ਪਰ ਭ੍ਰਿਸ਼ਟਾਚਾਰ ਦੇ ਭੜੋਲੇ ਗਿਣੇ ਜਾਂਦੇ ਵੱਡੇ ਪਾਪੀ ਮੁੱਛਾਂ ਨੂੰ ਤਾਅ ਦੇ ਕੇ ਕਹਿੰਦੇ ਹਨ ਕਿ ਉਨ੍ਹਾਂ ਦਾ ਕੱਖ ਨਹੀਂ ਵਿਗੜਨ ਲੱਗਾ।

ਤੀਸਰਾ ਮੁੱਦਾ ਰਾਜਨੀਤੀ ਦੇ ਖੇਤਰ ਦੀ ਬੇਭਰੋਸਗੀ ਦਾ ਹੈ। ਜਿਹੜੇ ਲੀਡਰ ਕੱਲ੍ਹ ਤੱਕ ਆਪੋ ਵਿੱਚ ਬੋਲਦੇ ਤੱਕ ਨਹੀਂ ਸਨ ਦੇਖੇ ਜਾਂਦੇ, ਕੁਝ ਸਮਾਂ ਲੰਘਣ ਪਿੱਛੋਂ ਨਵੀਂ ਪਾਰਟੀ ਵਿੱਚ ਗਏ ਅਤੇ ਉਨ੍ਹਾਂ ਹੀ ਪੁਰਾਣੇ ਲੀਡਰਾਂ ਨਾਲ ਮਿਲ ਕੇ ਨਵਾਂ ਪੈਂਤੜਾ ਮੱਲਣ ਲੱਗ ਪਏ ਹਨ ਅਤੇ ਪੁਰਾਣੇ ਸਾਥੀਆਂ ਨੂੰ ਅੱਖਾਂ ਵਿਖਾਉਂਦੇ ਹਨ। ਵੀਹ ਸਾਲ ਆਪੋ ਵਿੱਚ ਲੜਦੇ ਰਹੇ ਪੰਜਾਬ ਤੇ ਦਿੱਲੀ ਦੇ ਅਕਾਲੀ ਆਗੂ ਬਦਲੇ ਹੋਏ ਹਾਲਾਤ ਵਿੱਚ ਇਕੱਠੇ ਹੋ ਗਏ ਹਨ ਤੇ ਇੱਕ ਦੂਸਰੇ ਉੱਤੇ ਦੂਸ਼ਣਬਾਜ਼ੀ ਕਰ ਕੇ ਕਾਂਗਰਸ ਤੋਂ ਨਿਕਲੇ ਪੰਜਾਬ ਦੇ ਕੁਝ ਆਗੂ ਭਾਜਪਾ ਦੀ ਕੇਂਦਰੀ ਐਗਜ਼ੈਕਟਿਵ ਕਮੇਟੀ ਵਿੱਚ ਇਕੱਠੇ ਬੈਠੇ ਮਾਣ ਮਹਿਸੂਸ ਕਰਦੇ ਹਨ। ਜਿਨ੍ਹਾਂ ਦੇ ਮੂੰਹੋਂ ਨਿਕਲੀ ਹਰ ਗੱਲ ਕਈ ਸਾਲ ਭਾਜਪਾ ਦੇ ਵਿਰੋਧ ਉੱਤੇ ਆਧਾਰਤ ਸੀ, ਉਹ ਅੱਜ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸੋਹਲੇ ਗਾਉਂਦੇ ਨਹੀਂ ਥੱਕਦੇ ਅਤੇ ਪਹਿਲਾਂ ਉਸ ਨੂੰ ਸਿੱਖਾਂ ਅਤੇ ਹੋਰ ਘੱਟ-ਗਿਣਤੀਆਂ ਦਾ ਵਿਰੋਧੀ ਦੱਸਣ ਵਾਲੇ ਅੱਜ ਓਸੇ ਮੋਦੀ ਨੂੰ ਸਿੱਖਾਂ ਦਾ ਸਭ ਤੋਂ ਵੱਡਾ ਸ਼ੁਭਚਿੰਤਕ ਦੱਸਦੇ ਫਿਰਦੇ ਹਨ। ਆਮ ਆਦਮੀ ਪਾਰਟੀ ਜਿਨ੍ਹਾਂ ਲੋਕਾਂ ਖਿਲਾਫ ਪਹਿਲਾਂ ਉੱਚੀ ਸੁਰ ਵਿੱਚ ਦੋਸ਼ਾਂ ਦੀ ਲੜੀ ਲਾ ਕੇ ਉਨ੍ਹਾਂ ਨਾਲ ਸਿੱਝਣ ਦੇ ਦਮਗਜ਼ੇ ਮਾਰਦੀ ਸੀ, ਅੱਜ ਉਨ੍ਹਾਂ ਵਿੱਚੋਂ ਕਈ ਲੋਕ ਦਲ-ਬਦਲੀਆਂ ਕਰ ਕੇ ਉਸੇ ਵਿੱਚ ਆਣ ਵੜੇ ਹਨ। ਗੁਜਰਾਤ ਦੇ ਇੱਕ ਅੱਗ-ਫੱਕਣੇ ਹਿੰਦੂਤੱਵੀ ਲੀਡਰ ਨੇ ਇੱਕ ਵਾਰੀ ਕਾਂਗਰਸ ਦੀ ਸਭ ਤੋਂ ਵੱਡੀ ਆਗੂ ਸੋਨੀਆ ਗਾਂਧੀ ਬਾਰੇ ਏਨੇ ਭੱਦੇ ਸ਼ਬਦ ਆਪਣੇ ਮੂੰਹ ਤੋਂ ਬੋਲੇ ਸਨ ਕਿ ਅਸੀਂ ਜ਼ਿਕਰ ਨਹੀਂ ਕਰਨਾ ਚਾਹੁੰਦੇ, ਜਦੋਂ ਉਹੀ ਆਗੂ ਨਰਿੰਦਰ ਮੋਦੀ ਨਾਲ ਨਿੱਜੀ ਵਿਰੋਧ ਕਾਰਨ ਵੱਖ ਹੋ ਗਿਆ ਤਾਂ ਸ਼ਾਮ ਪੈਣ ਤੋਂ ਪਹਿਲਾਂ ਕਾਂਗਰਸ ਦੇ ਲੀਡਰ ਉਸੇ ਨੂੰ ਮਿਲਣ ਲਈ ਲਾਈਨਾਂ ਬੰਨ੍ਹ ਖੜੋਤੇ ਸਨ। ਸ਼ਰਮ ਨਾਂਅ ਦੀ ਕੋਈ ਚੀਜ਼ ਅੱਜਕੱਲ੍ਹ ਕਿਸੇ ਪਾਰਟੀ ਦੇ ਪੱਲੇ ਵੀ ਨਹੀਂ ਰਹੀ ਜਾਪਦੀ, ਸਭ ਇੱਕੋ ਜਿਹੀਆਂ ਹਨ।

ਧਰਮ ਦੇ ਖੇਤਰ ਵਿੱਚ ਦੂਸਰਿਆਂ ਨੂੰ ਕੀ ਕਹਿਣਾ, ਸਿੱਖ ਆਗੂਆਂ ਦਾ ਵਿਹਾਰ ਹੀ ਸਮਝ ਤੋਂ ਬਾਹਰ ਹੁੰਦਾ ਜਾਪਦਾ ਹੈ। ਕਈ ਸਾਲ ਪਹਿਲਾਂ ਨਾਨਕਸ਼ਾਹੀ ਕੈਲੰਡਰ ਲਾਗੂ ਕਰਨ ਦਾ ਫੈਸਲਾ ਹੋਇਆ ਸੀ, ਕੁਝ ਸਿੱਖ ਸੰਪਰਦਾਵਾਂ ਨੇ ਇਸ ਦਾ ਵਿਰੋਧ ਕੀਤਾ ਤਾਂ ਕੈਲੰਡਰ ਸੋਧ ਦਿੱਤਾ, ਓਦੋਂ ਪਿੱਛੋਂ ਦੂਸਰੀ ਵਾਰੀ ਤੇ ਫਿਰ ਤੀਸਰੀ ਵਾਰ ਸੋਧਣ ਵਾਲੀ ਗੱਲ ਹੋ ਗਈ, ਪਰ ਅੱਜ ਤੱਕ ਇੱਕ ਰਾਏ ਨਹੀਂ ਬਣੀ। ਕੁਝ ਗੁਰਦੁਆਰਾ ਕਮੇਟੀਆਂ ਤੇ ਸਿੱਖ ਸੰਗਠਨ ਪਹਿਲੇ ਲਾਗੂ ਕੀਤੇ ਕੈਲੰਡਰ ਨੂੰ ਮੰਨਦੇ ਹਨ, ਕੁਝ ਹੋਰ ਸੋਧੇ ਹੋਏ ਕੈਲੰਡਰ ਨੂੰ ਤੇ ਕੁਝ ਤੀਸਰੀ ਵਾਰ ਸੋਧੇ ਕੈਲੰਡਰ ਨਾਲ ਖੜੋਤੇ ਹਨ। ਨਤੀਜੇ ਵਜੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਉਤਸਵ ਕੁਝ ਸਿੱਖ ਸੰਸਥਾਵਾਂ ਪਹਿਲੇ ਕੈਲੰਡਰ ਨੂੰ ਆਧਾਰ ਮੰਨ ਕੇ ਪੰਜ ਜਨਵਰੀ ਨੂੰ ਮਨਾਉਣ ਦਾ ਫੈਸਲਾ ਕਰੀ ਬੈਠੀਆਂ ਹਨਅਤੇ ਕੁਝ ਹੋਰ ਧਿਰਾਂ ਦਾ ਸੋਧੇ ਹੋਏ ਕੈਲੰਡਰ ਦੇ ਮੁਤਾਬਕ ਉਨੱਤੀ ਜਨਵਰੀ ਨੂੰ ਮਨਾਉਣ ਦਾ ਪ੍ਰੋਗਰਾਮ ਹੈ। ਭਾਰਤ ਵਿੱਚ ਬਹੁਤੇ ਥਾਂਈਂ ਉਨੱਤੀ ਦਸੰਬਰ ਨੂੰ ਮਨਾਇਆ ਜਾਣਾ ਹੈ, ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਪੰਜ ਜਨਵਰੀ ਨੂੰ ਮਨਾਉਣ ਵਾਲੀ ਹੈ, ਪਰ ਭਾਰਤ ਵਿੱਚ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਾਲੀ ਤਰੀਕ ਉੱਤੇ ਕੁਝ ਸਿੱਖ ਸੰਗਠਨਾਂ ਨੇ ਕਿੰਤੂ ਕੀਤਾ ਤੇ ਪੰਜ ਜਨਵਰੀ ਨੂੰ ਮਨਾਉਣ ਦਾ ਮਨ ਬਣਾਇਆ ਹੈ। ਇਸ ਤੋਂ ਪਹਿਲਾਂ ਕੁਝ ਧਾਰਮਿਕ ਸਮਾਗਮਾਂ ਲਈ ਪਾਕਿਸਤਾਨ ਜਾਂਦੇ ਜਥਿਆਂ ਲਈ ਵੀਜ਼ੇ ਲੈਣ ਵੇਲੇ ਇਹ ਮੁੱਦਾ ਉੱਠਦਾ ਰਿਹਾ ਹੈ ਕਿ ਜਦੋਂ ਸ਼੍ਰੋਮਣੀ ਕਮੇਟੀ ਨੇ ਜਥਾ ਭੇਜਣਾ ਸੀ, ਓਦੋਂ ਪਾਕਿਸਤਾਨ ਹਾਈ ਕਮਿਸ਼ਨ ਨੇ ਇਹ ਕਹਿ ਕੇ ਇਨਕਾਰ ਕਰ ਦਿੱਤਾ ਕਿ ਤੁਹਾਡੇ ਦੱਸੇ ਦਿਨਾਂ ਵਿੱਚ ਓਥੇ ਗੁਰ-ਪੁਰਬ ਨਹੀਂ ਹੋਣਾ ਤੇ ਜਦੋਂ ਉਨ੍ਹਾਂ ਨੇ ਗੁਰਪੁਰਬ ਮਨਾਇਆ ਸੀ, ਓਦੋਂਸ਼੍ਰੋਮਣੀਕਮੇਟੀ ਨੇ ਜਥਾ ਨਹੀਂ ਸੀ ਭੇਜਿਆ। ਤਰੀਕਾਂ ਦਾ ਇਹ ਘਚੋਲਾ ਕਿਸੇ ਪਾਸੇ ਲਾਇਆ ਹੀ ਨਹੀਂ ਜਾ ਸਕਿਆ।

ਉਲਝਣ ਪ੍ਰਸ਼ਾਸਨ ਦੇ ਅਧਿਕਾਰੀਆਂ ਦੇ ਪੱਧਰ ਦੀ ਹੋਵੇ ਜਾਂ ਸਿਆਸੀ ਲੀਡਰਸ਼ਿਪ ਦੇ ਪੈਂਤੜਿਆਂ ਵਿੱਚ, ਧਰਮ ਦੇ ਖੇਤਰ ਵਿੱਚ ਹੋਵੇ ਜਾਂ ਸਮਾਜਕ ਰਿਵਾਇਤਾਂ ਦੇ ਪੱਖੋਂ, ਹਰ ਗੱਲ ਵਿੱਚ ਆਮ ਆਦਮੀ ਬੁਰੀ ਤਰ੍ਹਾਂ ਫਸ ਜਾਂਦਾ ਹੈ ਅਤੇ ਉਸ ਨੂੰ ਕਿਸੇ ਧਿਰ ਦੇ ਠੀਕ ਜਾਂ ਗਲਤ ਹੋਣ ਦਾ ਫੈਸਲਾ ਕਰਨਾ ਔਖਾ ਹੋ ਜਾਂਦਾ ਹੈ। ਉਹ ਘਚੋਲੇ ਦੀ ਇਸ ਹਾਲਤ ਵਿੱਚ ਕਦੀ ਇੱਕ ਧਿਰ ਵੱਲ ਅਤੇ ਕਦੀ ਦੂਸਰੀ ਵੱਲ ਮੂੰਹ ਚੁੱਕ-ਚੁੱਕ ਵੇਖਦਾ ਹੈ, ਪਰ ਮੁਸ਼ਕਲ ਇਹ ਹੈ ਕਿ ਜਿਨ੍ਹਾਂ ਵੱਲ ਇਹ ਆਮ ਆਦਮੀ ਵੇਖਦਾ ਹੈ, ਉਹ ਅੱਜ ਜਿਹੜੇ ਪੈਂਤੜੇ ਉੱਤੇ ਹੁੰਦੀਆਂ ਹਨ, ਕੱਲ੍ਹ ਨੂੰਕੂਹਣੀ-ਮੋੜ ਕੱਟ ਕੇ ਉਸ ਤੋਂ ਐਨ ਉਲਟ ਰਾਹ ਉੱਤੇ ਚੱਲ ਪੈਂਦੀਆਂ ਹਨ। ਨਤੀਜੇ ਵਜੋਂ ਆਮ ਆਦਮੀ ਇਨ੍ਹਾਂ ਦੇ ਮਗਰ ਤੁਰਿਆ ਜਾਂਦਾ ਇਨ੍ਹਾਂ ਦੇ ਮੋੜਾ ਕੱਟਣ ਨਾਲ ਪਹਿਲਾਂ ਤੋਂ ਵੀ ਵੱਧ ਉਲਝ ਜਾਂਦਾ ਹੈ। ਉਸ ਦੀ ਉਲਝਣ ਬਾਰੇ ਕੋਈ ਸੋਚਦਾ ਹੀ ਨਹੀਂ। ਭਾਰਤ ਦੇ ਲੋਕਤੰਤਰ, ਪ੍ਰਸ਼ਾਸਨ ਤੇ ਧਰਮ-ਖੇਤਰ ਵਿੱਚ ਸਭ ਤੋਂ ਵੱਧ ਕਸੂਤਾ ਫਸਿਆ ਹੈ ਭਾਰਤ ਦਾ ਆਮ ਆਦਮੀ। ਜਿਹੜੀ ਬੇਭਰੋਸਗੀ ਉਸ ਆਦਮੀ ਦੇ ਮਨ ਵਿੱਚ ਨਾ ਸਿਰਫ ਪੱਕੀਆਂ ਜੜ੍ਹਾਂ ਜਮਾਈ ਜਾਂਦੀ ਹੈ, ਸਗੋਂ ਹੋਰ ਤੋਂ ਹੋਰ ਲਗਾਤਾਰ ਵਧੀ ਜਾਣ ਦੇ ਸੰਕੇਤ ਮਿਲਦੇ ਹਨ, ਉਸ ਬੇਭਰੋਸਗੀ ਦੇ ਹੁੰਦਿਆਂ ਭਾਰਤ ਦਾ ਬਣੇਗਾ ਕੀ, ਇਸ ਬਾਰੇ ਸੋਚਣ ਵਾਲਾ ਕੋਈ ਲੀਡਰ ਹੀ ਨਹੀਂ।

BOOKKEEPER WANTED

GROVER CPA PROFESSIONAL CORPORATION IS LOOKING FOR A BOOKKEEPER FOR THE FOLLOWING RESPONSIBILITIES AND QUALIFICATIONS

Responsibilities:
1. Maintain and balance various accounts for clients using Computerized bookkeeping systems.
2. Prepare trial balance and Financial Statements using excel, and software.
3. Prepare payroll for various clients and prepare payroll journal entries and enter in books.
4. Preparing and entering various adjusting entries to close the books and financial statements.
5. Prepare bank and various reconciliations of client's books.
6. Other bookkeeping duties as assigned.
7. Analysis of Tax Accounts to reconcile with CRA balances.
8. Preparing GST/HST returns and making journal entries in books for tax payments and refunds.

Qualifications:
The candidate must have experience using accounting principles and use of book keeping, payroll, and other software.Excellent knowledge of Excel, Word, Outlook etc. Must have a College Diploma in Accounting/ Finance and good communication and presentation skills. Knowledge of Hindi, Punjabi & Urdu will be an asset.

Please apply with confidence with cover letter and resume at info@grovercpa.ca

ਕੀ ਤੁਸੀਂ ਕਰਜ਼ੇ ਵਿੱਚ ਹੋ?
ਕੀ ਤੁਸੀਂ ਕਲੈਕਸ਼ਨ ਕਾਲ ਤੋਂ ਅੱਕ ਚੁੱਕੇ ਹੋ?
BOOK YOUR FREE CONSULTATION
ਹੁਣ ਘਬਰਾਉਣ ਦੀ ਜ਼ਰੂਰਤ ਨਹੀਂ ਹੁਣ ਗੋਮਾ ਸੰਧੂ ਕਰਣਗੇ ਤੁਹਾਡੇ ਕਰੈਡਿਟ ਕਾਰਡ, ਲੋਨ ਤੇ ਟੈਕਸ ਦੇ ਕਰਜ਼ੇ ਦਾ ਹੱਲ ਤੇ ਤੁਹਾਡੇ ਕਰਜ਼ੇ ਦਾ ਲਗਭਗ 75% ਘਟਾਉਣ ਵਿੱਚ ਮਦਦ ਕਰਣਗੇ
ਜੇਕਰ ਤੁਸੀਂ ਸੂ ਹੋ ਚੁੱਕੇ ਹੋ ਤੇ ਤੁਸੀਂ ਘਰ ਤੇ ਲੀਨ ਪੈਣ ,ਵੇਜ ਗਾਰਨੀਸ਼ਮੈਂਟ ਅਤੇ ਬੈਂਕ ਅਕਾਊਂਟ ਨੂੰ ਫ੍ਰੀਜ਼ ਹੋਣ ਤੋਂ ਬਚਾਉਣਾ ਚਾਉਂਦੇ ਹੋ ,ਅਤੇ ਤੁਸੀਂ ਆਪਣੀ ਕਾਰ ਤੇ ਟਰੱਕ ਦੀ ਕਿਸ਼ਤ ਨਹੀਂ ਦਿੱਤੀ ਤੇ ਤੁਹਾਡਾ ਐਸੇਟ ਸਰਨਡਰ ਹੋ ਗਿਆ ਹੈ ਤਾ ਹੁਣ ਹੀ ਮੁਫਤ ਸਲਾਹ ਲਈ ਕਾਲ ਕਰੋ ਗੋਮਾ ਸੰਧੂ 4167316382
-Collection Calls -Personal Taxes -GST/HST
-Credit Card Debts -Personal Loans -Pay Day Loans -Student Loans
-Wage Garnishment -Writ on your property -Frozen Bank Accounts
CONTACT US: Goma Sandhu (416)-731-6382 gomasandhu@hotmail.com
WE HELP... -Save your Assets -Avoid Bankruptcy -Small monthly payments -Rebuild your credit
YOUR DEBT $ MY SOLUTION

## ਮਾਨ ਸਰਕਾਰ ਵੱਲੋਂ 31 ਦਸੰਬਰ ਤੱਕ ਪੰਜਾਬ ਦੇ ਸਾਰੇ ਪੇਂਡੂ ਘਰਾਂ ਨੂੰ ਸਾਫ ਪਾਣੀ ਦੀ ਸਹੂਲਤ ਦਾ ਟੀਚਾ, 99.93 ਫੀਸਦੀ ਕੰਮ ਪੂਰਾ : ਜਿੰਪਾ

ਚੰਡੀਗੜ੍ਹ, 22 ਦਸੰਬਰ (ਪੋਸਟ ਬਿਊਰੋ): ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿਚ ਪੰਜਾਬ ਸਰਕਾਰ ਦੇ ਨਾਂ ਜਲਦ ਇੱਕ ਵੱਡੀ ਪ੍ਰਾਪਤੀ ਜੁੜ ਜਾਵੇਗੀ। ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਵੱਲੋਂ 31 ਦਸੰਬਰ 2022 ਤੱਕ ਪੰਜਾਬ ਦੇ ਸਾਰੇ ਪੇਂਡੂ ਘਰਾਂ ਨੂੰ ਪੀਣ ਵਾਲੇ ਪਾਣੀ ਦੀ ਪਾਈਪਾਂ ਰਾਹੀਂ ਸਪਲਾਈ ਦੇਣ ਦਾ ਟੀਚਾ ਹੈ। ਹੁਣ ਤੱਕ ਰਾਜ ਦੇ 34.26 ਲੱਖ ਪੇਂਡੂ ਘਰਾਂ ਵਿੱਚੋ 99.93 ਫੀਸਦੀ ਘਰਾਂ (34.24 ਲੱਖ) ਨੂੰ ਪੀਣ ਵਾਲੇ ਪਾਣੀ ਦੀ ਪਾਈਪਡ ਸਪਲਾਈ ਦਿੱਤੀ ਜਾ ਚੁੱਕੀ ਹੈ। ਸਿਰਫ 125 ਢਾਣੀਆਂ ਬਾਕੀ ਹਨ ਅਤੇ ਉੱਥੇ ਵੀ ਇਹ ਸੁਵਿਧਾ ਦੇਣ ਲਈ ਜ਼ੋਰ-ਸ਼ੋਰ ਨਾਲ ਕੰਮ ਚੱਲ ਰਿਹਾ ਹੈ।

ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਪਹਿਲੇ ਦਿਨ ਤੋਂ ਹੀ ਪੰਜਾਬ ਵਾਸੀਆਂ ਨੂੰ ਮੁੱਢਲੀਆਂ ਸਹੂਲਤਾਂ ਦੇਣ ਲਈ ਭਰਪੂਰ ਯਤਨ ਕਰ ਰਹੀ ਹੈ। ਸਰਕਾਰ ਦਾ ਉਦੇਸ਼ ਵੀ ਇਹੀ ਹੈ ਕਿ ਲੋਕਾਂ ਨੂੰ ਮਿਲਣ ਵਾਲੀਆਂ ਸੁਵਿਧਾਵਾਂ ਲਈ ਕਿਸੇ ਪ੍ਰਕਾਰ ਦੀ ਖੱਜਲ-ਖੁਆਰੀ ਦਾ ਸਾਹਮਣਾ ਨਾ ਕਰਨਾ ਪਵੇ ਅਤੇ ਸਾਰੀਆਂ ਸੁਵਿਧਾਵਾਂ ਘਰ ਬੈਠੇ ਮਿਲਣ। ਉਨ੍ਹਾਂ ਕਿਹਾ ਕਿ ਪੰਜਾਬ ਦੇ ਕਈ ਇਲਾਕਿਆਂ ਵਿਚ ਲੋਕਾਂ ਨੂੰ ਪੀਣ ਵਾਲੇ ਸਾਫ ਪਾਣੀ ਦੀ ਕਿੱਲਤ ਦਾ ਸਾਹਮਣਾ ਕਰਨਾ ਪੈ ਰਿਹਾ ਸੀ ਪਰ ਪੰਜਾਬ ਸਰਕਾਰ ਨੇ ਹੁਣ ਤਕਰੀਬਨ ਸਾਰੇ ਪੇਂਡੂ ਘਰਾਂ ਵਿੱਚ ਪਾਈਪਾਂ ਰਾਹੀਂ ਸਾਫ ਪਾਣੀ ਪਹੁੰਚਾ ਦਿੱਤਾ ਹੈ। ਉਨ੍ਹਾਂ ਇਸ ਕਾਰਜ ਲਈ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੀ ਖੁੱਲ੍ਹੇ ਦਿਲ ਨਾਲ ਪ੍ਰਸ਼ੰਸਾ ਵੀ ਕੀਤੀ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

ਅਵਾਹੁ ਸਜਨਾ ਹਉਂ ਦੇਖਾਂ ਦਰਸ਼ਨ ਤੇਰਾ ਰਾਮ
GURU NANAK NISHKAM SEWA CENTRE CANADA Regd.
ਹਮ ਚਾਕਰ ਗੋਬਿੰਦ ਕੇ ਠਾਕੁਰ ਮੇਰਾ ਭਾਰਾ
GURDWARA SAHIB
GURU NANAK NISHKAM SEWA CENTRE
NON-PROFIT ORGANIZATION
www.gurunanaknishkamsewa.org
12356 Mayfield and Bramalea Rd, Caledon

REXDALE BODY SHOP
USED CAR SALE
CHEEMA
LOWEST PRICE IN TOWN
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
Call Rick or Manminder Cheema: 416.749.9596 /416.951.6431
Towing Service Car Paint Starts $799*upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ਬਰਾੜ ਗਰਾਜ ਡੋਰ
ਅਸੀਂ ਰੀਪੇਅਰ ਕਰਦੇ ਹਾਂ :
BROKEN SPRINGS
CABLES & ROLLERS
GARAGE DOOR OPENERS
We Install Garage Door Openers
ਸੰਪਰਕ ਕਰੋ: (416) 357-4082, ਈਮੇਲ ਕਰੋ: brargaragedoors@gmail.com •

# ਪੰਡਿਤ ਵਾਰਹਿ ਪੋਥੀਆਂ ਨ ਬੂਝਹਿ ਬੀਚਾਰ॥ ਅਨਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ॥



ਕਰਨੈਲ ਸਿੰਘ ਟੋਰਾਂਟੋ
416-746-7642

ਤਥਾ: ਪੰਡਿਤ ਵਾਰਹਿ ਪੋਥੀਆਂ ਨ ਬੂਝਹਿ ਬੀਚਾਰੁ॥

ਅਨਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ॥ ਮਹਲਾ ੧॥

(ਪੰਨਾ ੫੬)

ਅਰਥ: ਪੰਡਿਤ ਲੋਕ ਕਥਾ ਵਾਰਤਾ ਕਰਕੇ ਲੋਕਾਂ ਨੂੰ ਗਿਆਨ ਬਖਸ਼ਦੇ ਨੇਂ। ਉਹ ਕੱਥਾ ਵਾਲੇ ਆਪ ਅਸਲ ਵੀਚਾਰ ਨੂੰ ਨਹੀਂ ਸਮਝਦੇ। ਪੰਡਿਤ ਗੁਰੂ ਸਾਹਿਬ ਨੇਂ ਵਿਦਵਾਨਾਂ ਨੂੰ ਕਿਹਾ ਹੈ, ਜੋ ਸੰਗਤਾਂ ਤਾਈਂ ਗਿਆਨ ਦੀਆਂ ਗਲਾਂ ਬਾਤਾਂ ਸੁਣਾਂਦੇ ਹਨ। ਭਾਵੇਂ ਕੱਥਾ ਵਾਲਾ ਬ੍ਰਹਮਣ ਹੋਵੇ ਜਾਂ ਸਿੱਖ, ਕਿਸੇ ਵੀ ਧਰਮ ਦੀ ਕੱਥਾ ਸੁਣਾਂਦਾ ਹੋਵੇ। ਕੱਥਾ, ਕੀਰਤਨ ਪਾਠ ਪੜ੍ਹਕੇ ਸੁਣਾਨੁ ਵਾਲੇ ਨੂੰ ਪੰਡਿਤ ਵਿਦਵਾਲ ਕਿਹਾ ਹੈ।

ਅਨ ਕਉ ਮਤੀ=ਹੋਰਨਾਂ ਨੂੰ ਮਤੀ ਦਿੰਦੇ ਹਨ, ਆਪ ਗੁਰੂ ਜੀ ਦੇ ਸ਼ਬਦਾਂ=ਪ੍ਰਬਚਨਾਂ ਤੇ ਪੂਰੇ ਨਹੀਂ ਉਤਰਦੇ। ਗੁਰੂ ਜੀ ਕਹਿੰਦੇ ਹਨ, ਤੁਸੀਂ ਸਾਡੇ ਬਚਨਾਂ ਨੂੰ ਮਾਇਆ ਦਾ ਵਪਾਰੁ ਬਣਾਕੇ ਬੈਠ ਗਏ ਹੋ, ਗੁਰੂ ਜੀ ਕਹਿੰਦੇ ਹਨ, ਨਾਂ ਕੇ ਲਿਖਾਰੀ। ਬਾਣੀ ਜਨਮ ਸਫਲਾ ਕਰਨ ਲਈ ਕਹਿੰਦੀ ਹੈ।

ਤਥਾ: ਬ੍ਰਿਨ ਬਿਦਿਆ ਕਹਾ ਕੋਈ ਪੰਡਿਤੁ॥ ਬਿਨੁ ਅਮਰੈ ਕੈਸੇ ਰਾਜ ਮੰਡਿਤ॥ ਬਿਨੁ ਬੂਝੇ ਕਹਾ ਮਨੁ ਠਹਰਾਨ॥ ਨਾਮ ਬਿਨਾ ਸਭੁ ਜੱਗੁ ਬਉਰਾਨਾ॥ ਮਹਲਾ ੫॥

(ਪੰਨਾ ੧੧੪੦)

ਅਰਥ: ਵਿਦਿਆ ਪੜ੍ਹੇ ਤੋਂ ਬਿਨਾਂ ਕੋਈ ਪੰਡਿਤੁ ਨਹੀਂ ਕਹਾ ਸਕਦਾ। ਬਿਨੁ ਅਮਰੈ ਰਾਜਾ ਰਾਜ ਤੱਖਤ ਤੇ ਬੈਠਾ ਹੈ, ਪਰ ਹੁਕਮ ਵਜ਼ੀਰ ਸਾਹਿਬ ਦਾ ਚੱਲਦਾ ਹੈ। ਹੁਕਮ ਚੱਲੇ ਤੋਂ ਬਿਨਾਂ ਰਾਜਾ ਸੋਭਾ ਦਾ ਅੱਧਿਕਾਰੀ ਨਹੀਂ ਹੋ ਸਕਦਾ। ਪ੍ਰਮਾਤਮਾਂ ਨੂੰ ਬੁਝੇ ਤੋਂ ਬਿਨਾਂ ਮਨ ਕਿਵੇਂ ਟਿਕੇਗਾ, ਗੁਰੂ ਜੀ ਕਹਿੰਦੇ ਹਨ:- ਨਾਮ ਦਾ ਸਿਮਰਨ ਕਰਕੇ ਮਨ ਟਿਕੇਗਾ, ਨਾਮ ਜਪੇ ਤੋਂ ਬਿਨਾਂ ਸਾਰਾ ਜੱਗ ਬਉਰਾਨਾਂ ਝੱਲਾ ਹੈ।

ਤਥਾ: ਸਭ ਕਿਛੁ ਘਰ ਮਹਿ ਬਾਹਰਿ ਨਾਹੀ॥ ਬਾਹਰਿ ਟੋਲੈ ਸੋ ਭਰਮਿ ਭੁਲਾਹੀ॥

ਗੁਰ ਪਰਸਾਦੀ ਜਿਨੀ ਅੰਤਰਿ ਪਾਇਆ॥

ਸੋ ਅੰਤਰਿ ਬਾਹਰਿ ਸੁਹੇਲਾ ਜੀਉ॥

(ਪੰਨਾ ੧੦੨)

ਅਰਥ: ਪ੍ਰਮਾਤਮਾਂ ਅੰਤਹਕਰਨ=ਅਸਥਾਨ ਤੇ ਤੇਰੇ ਅੰਦਰ ਹੈ। ਮਨ ਮੁਖ ਪੁਰਸ਼ ਬਾਹਰ ਤੀਰਥਾਂ ਆਦਿਕ ਤੇ ਭਟਕਦਾ ਹੈ। ਬਾਹਰ ਰੱਬ ਨੂੰ ਭਾਲਣ ਵਾਲੇ ਭਰਮ ਵਿਚ ਭੁੱਲੇ ਕਹੇ ਹਨ ਗੁਰੂ ਗ੍ਰੰਥ ਸਾਹਿਬ ਨੇਂ। ਗੁਰ ਪਰਸਾਦੀ=ਗੁਰੂ ਦੀ ਕਿਰਪਾ ਕਰਕੇ ਗੁਰੂ ਦੇ ਦਸੇ ਤਰੀਕੇ ਦੁਆਰਾ ਜਿਨਾਂ ਨੇ ਸਿਮਰਨ ਵਿਚ ਦਿਨੁ ਰਾਤ ਮੇਹਨਤ ਕਰਕੇ ਯਾਦਿ ਕੀਤਾ ਪ੍ਰਮਾਤਮਾਂ ਨੂੰ, ਉਹਨਾਂ ਗੁਰਮੁਖਾਂ ਅੰਦਰੋਂ ਹੀ ਪਾਇਆ ਹੈ। ਉਹ ਅੰਦਰਿ ਬਾਹਰ ਸਦਾ ਹੀ ਸੁਹੇਲੇ ਖੁਸ਼ ਰਹਿੰਦੇ ਹਨ। (ਦੇਖੋ ਫੇਰ ਪ੍ਰਮਾਤਮਾਂ ਕਿਨ੍ਹਾਂ ਨੇੜੇ ਹੈ)

ਤਥਾ: ਉਤਿ ਪੋਤਿ ਸੇਵਕ ਸੰਗਿ ਰਾਤਾ॥

ਪ੍ਰਭਿ ਪ੍ਰਤਿਪਾਲੇ ਸੇਵਕ ਸੁਖ ਦਾਤਾ॥

ਪਾਣੀ ਪਖਾ ਪੀਸਉ ਸੇਵਕ ਕੈ ਠਾਕੁਰ ਹੀ ਕਾ ਆਹਰੁ ਜੀਉ॥

(ਪੰਨਾ ੧੦੨)

ਅਰਥ: ਮੇਰਾ ਪ੍ਰਭੂ ਪ੍ਰਮਾਤਮਾਂ ਤਾਣੇ ਪੇਟੇ ਵਾਂਗ ਆਪਣੇ ਸੇਵਕਾਂ ਨਾਲ ਮਿਲਿਆ ਰਹਿੰਦਾ ਹੈ, ਆਪਣੇ ਸੇਵਕਾਂ ਦੀ ਆਪ ਪ੍ਰਤਿਪਾਲਣਾਂ ਕਰਦਾ ਹੈ। ਜਿਹੜੇ ਪ੍ਰਮਾਤਮਾਂ ਪੁਰਸ਼ ਤੁਹਾਨੂੰ ਪ੍ਰਮਾਤਮਾਂ ਨਾਲ ਜੁੜਨ ਦੀ ਵਿਧੀ=ਜੁਗਤੀ ਦਸਦੇ ਹਨ, ਉਹਨਾਂ ਪਾਸ ਜਾਕੇ ਜੱਲ ਭਰੋ, ਪੱਖਾ ਫੇਰ ਕੇ ਠੰਡੀ ਹਵਾ ਝਲੋ, ਚੱਕੀ ਵਿਚ ਆਟਾ ਪੀਹਕੇ ਉਹਨਾਂ ਨੂੰ ਛੱਤੀ ਪਦਾਰਥ ਤਿਆਰ ਕਰਕੇ ਖਵਾਉ। ਜਿਨਾਂ ਨੂੰ ਹਰ ਟੈਮ ਭਜਨ ਸਿਮਰਨ ਦਾ ਆਹਰਿ ਲਗਿਆ ਰਹਿੰਦਾ ਹੈ।

ਤਥਾ: ਏਕਾ ਸੇਜ ਵਿਛੀ ਧਨ ਕੰਤਾ॥ ਧਨ ਸੂਤੀ ਪਿਰੁ ਸਦ ਜਾਗੰਤਾ॥

ਪਾਓ ਮਦਰੋ ਧਨ ਮਤਵੰਤਾ॥ ਧਨ ਜਾਗੈ ਜੇ ਪਿਰੁ ਬੋਲੰਤਾ॥੨॥

(ਮਹਲਾ ੫॥ ਪੰਨਾ ੭੩੭)

ਅਰਥ: ਜਗਿਆਸੂ ਰੂਪ ਇਸਤ੍ਰੀ ਅਤੇ ਕੰਤਾ=ਪਤੀ ਰੂਪ ਪ੍ਰਮਾਤਮਾਂ ਇਕੋ ਹਿਰਦੇ ਰੂਪੀ ਸੇਜਾ ਤੇ ਨਿਵਾਸ਼ ਰੱਖਦੇ ਹਨ, ਧਨ=ਇਸਤ੍ਰੀ=ਜਗਿਆਸੂ ਸੁੱਤੀ ਰਹਿੰਦੀ ਹੈ। ਮਾਇਆ ਰੂਪੀ ਜਾਲ ਵਿਚ ਫੱਸੀ ਪਈ ਹੈ। ਪਤੀ ਪ੍ਰਮਾਤਮਾਂ ਸਦਾ ਹੀ ਜਾਗਦਾ ਹੈ। ਇਸਤ੍ਰੀ ਧੀਆਂ, ਪੁਤ੍ਰਾਂ ਅਤੇ ਧਨ ਦੌਲਤ ਵਿੱਚ ਮੱਸ਼ਤ ਰਹਿੰਦੀ ਹੈ। ਇਸਨੂੰ ਨਹੀਂ ਪਤਾ ਕੇ ਮੇਰਾ ਪਤੀ ਮੇਰੀ ਸੇਜ਼ਾ ਤੇ ਨਿਵਾਸ਼ ਰੱਖਦਾ ਹੈ। ਉਸ ਪਤੀ ਪਰਮੇਸ਼ਰ ਨੂੰ ਯਾਦ ਨਹੀਂ ਕਰਦੀ, ਜੇ ਪਤੀ ਇਸਨੂੰ ਬੁਲਾਵੇ ਤਾਂ ਇਹ ਮੋਹ ਜਾਲ ਚੋਂ ਨਿਕਲਦੀ ਹੈ। ਕਿਸੇ ਪੂਰਨ ਮਹਾਤਮਾਂ ਦੀ ਸੰਗਤਿ ਮਿਲ ਜਾਵੇ, ਤਾਂ ਉਹਨਾਂ ਦੇ ਉਪਦੇਸ਼ ਕਰਕੇ ਜਾਗ ਪੈਂਦੀ ਹੈ। ਭਜਨ ਸਿਮਰਨ ਵਿਚ ਲੱਗਕੇ ਜਾਗਦੀ ਹੈ। ਫੇਰ ਪਤੀ ਪ੍ਰਮਾਤਮਾਂ ਪ੍ਰਸ਼ੰਨ ਹੋਕੇ ਦਰਸ਼ਨ ਦੇਂਦਾ ਹੈ।

ਭੱਝਨ ਕਰਕੇ ਮਿਹਨਤ ਕਰਕੇ ਦਿੱਬ ਦ੍ਰਿਸ਼ਟੀ ਖੁੱਲ ਜਾਂਦੀ ਹੈ, ਜਿਸਨੂੰ ਤੀਜੀ ਅੱਖ ਜਾਂ ਸ਼ਿਵ ਨੇਤ੍ਰ ਵੀ ਕਹਿੰਦੇ ਹਨ, ਇਹ ਤੀਜੀ ਅੱਖ ਮੱਥੇ ਵਿਚ ਹੁੰਦੀ ਹੈ। ਫੇਰ ਪਤਾ ਚਲਦਾ ਹੈ ਜਗਿਆਸੂ ਨੂੰ ਕੇ ਮੇਰੇ ਤੇ ਕ੍ਰਿਪਾ ਹੋ ਗਈ ਹੈ।

ਤਥਾ: ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ ਸਤਿਗੁਰਿ ਮਿਲਿਐ ਦਿਬ ਦ੍ਰਿਸਟਿ ਹੋਈ॥

(ਪੰਨਾ ੯੨੨)

ਅਰਥ: ਇਹ 2 ਨੇਤ੍ਰ ਪ੍ਰਮਾਤਮਾਂ ਨੂੰ ਨਹੀਂ ਦੇਖ ਸਕਦੇ, ਇਹ ਅੰਨ੍ਹੇ ਹਨ। ਪੂਰਨ ਪੁਰਸ਼ਾਂ ਨੂੰ ਮਿਲਕੇ ਦਿਬ ਦ੍ਰਿਸ਼ਟੀ ਖੁਲਦੀ ਹੈ ਫੇਰ ਤੁਹਾਨੂੰ ਰੱਬ ਨੇੜ੍ਹੇ ਹੀ ਦਿੱਸੇਗਾ। ਪ੍ਰਮਾਤਮਾਂ ਨੂੰ ਅਨਭਵ ਕਰਨ ਵਾਲੀ ਅੰਦ੍ਰਲੀ ਸ਼ਖਤੀ ਪ੍ਰਾਪਤਿ ਹੋ ਜਾਵੇਗੀ।

ਤਥਾ: ਕਬੀਰ ਕਸਉਟੀ ਰਾਮ ਕੀ ਝੂਠਾ ਟਿਕੈ ਨ ਕੋਇ॥

ਰਾਮ ਕਸਉਟੀ ਸੋ ਸਹੈ ਜੋ ਮਰ ਜੀਵਾ ਹੋਇ॥

(ਪੰਨਾ ੧੩੬੬)

ਅਰਥ: ਜਦੋਂ ਧਰਮ ਰਾਇ ਦੀ ਕਚਹਿਰੀ ਵਿਚ ਜੀਵ ਦੇ ਪੁੰਨ ਅਤੇ ਪਾਪ ਧਰਮ ਕੰਡੇ ਵਿਚ ਪਾਕੇ ਤੋਲੇ ਜਾਂਦੇ ਹਨ, ਉਥੇ ਝੂਠਾ ਪੁਰਸ਼ ਧਾਹਾਂ ਮਾਰਕੇ ਰੋਂਦਾ ਹੈ। ਧਰਮ ਰਾਜਾ ਨਰਕਾਂ ਦੇ ਕੁੰਡਾਂ ਵਿਚ ਸੁੱਟਣ ਦਾ ਹੁਕਮ ਦਿੰਦਾ ਹੈ। ਅਜਰਾਈ ਫਰੇਸ਼ਤੇ ਨੂੰ।

ਤਥਾ: ਕਰਮੀ ਆਪੋ ਆਪਣੀ ਆਪੇ ਪਛੁਤਾਣੀ॥

ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ॥

ਮਹਲਾ ੪॥

(ਪੰਨਾ ੩੧੫)

ਅਰਥ: ਆਪਣੇ ਕੀਤੇ ਹੋਏ ਪਾਪ ਕਰਮਾਂ ਕਰਕੇ ਇਹ ਜੀਵ ਆਪੇ ਹੀ ਪਛਤਉਂਦਾ ਹੈ। ਉਹਨਾਂ ਪਾਪੀ ਪੁਰਸ਼ਾਂ ਨੂੰ ਅਜਰਾਈਲ ਫਰਿਸ਼ਤਾ ਜਿਵੇਂ ਤੇਲੀ ਤਿਲਾਂ ਨੂੰ ਘਾਣੀ ਵਿਚ ਪੀੜਕੇ ਤੇਲ ਕੱਢਦਾ ਹੈ। ਉਸੇ ਤਰਾਂ ਪੀੜਕੇ ਤੇਲ ਪਾਪਾਂ ਰੂਪੀ ਨਚੋੜਦਾ ਹੈ। ਅਜਰਾਈਲ ਫਰਿਸ਼ਤਾ ਅੱਜੇ ਸਮਝੋ ਪਿਆਰਿਓ॥ ਉਥੇ ਮਰ ਜੀਵੜੇ ਪੂਰੇ ਉਤਰਦੇ ਹਨ, ਜੋ ਤਨੋਂ ਮਨੋਂ ਭਗਤੀ ਕਰਦੇ ਹਨ। ਸਦਾ ਨਾਮ ਜੱਪਦੇ ਹਨ, ਅਤੇ ਸਦਾ ਸੱਚ ਬੋਲਦੇ ਹਨ, ਪਾਪ ਕਰਮ ਨਹੀਂ ਕਰਦੇ। ਉਹਨਾ ਗੁਰਮੁਖਾਂ ਨੂੰ ਧਰਮ ਰਾਜਾ ਸਿਰੋਪਾ ਦੇ ਕੇ ਉੱਚੇ ਆਸ਼ਣ ਤੇ ਬਿਠਾਂਦਾ ਹੈ। ਕਹਿੰਦੇ ਹੈ ਤੁਸੀਂ ਮੇਰੇ ਮਾਲਕ ਪ੍ਰਮਾਤਮਾਂ ਦਾ ਨਾਮ ਜੱਪਿਆ ਹੈ। ਸਦਾ ਲਈ ਜੀਵਨ ਮੁਕਤੀ ਦਾ ਖਿਤਾਬ ਦੇ ਕੇ ਬੈਕੁੰਠ ਧਾਮ ਵਿਚ ਭੇਜ ਦਿੰਦਾ ਹੈ। ਉੱਚੇ ਆਸਣ ਦੇ ਬਿਠਾਂਦਾ ਹੈ, ਜਿੱਥੇ ਅਨੇਕਾਂ ਜੀਵਨ ਮੁਕਤ ਧਰਮਾਤਮਾਂ ਰਹਿੰਦੇ ਹਨ।

ਤਥਾ: ਕਬੀਰ ਐਸਾ ਸਤਿਗੁਰੁ ਜੇ ਮਿਲੈ ਤੁਠਾ ਕਰੇ ਪਸਾਉ॥

ਮੁਕਤਿ ਦੁਆਰਾ ਮੋਕਲਾ ਸਹਜੇ ਆਵਉ ਜਾਉ॥੫੯॥

(ਪੰਨਾ ੧੩੬੭)

ਅਰਥ: ਕਬੀਰ ਜੀ ਕਹਿੰਦੇ ਹਨ:- ਅੱਗਰ ਤੁਹਾਨੂੰ ਬ੍ਰਹਮ ਨੇਸ਼ਟੀ ਬ੍ਰਹਮ ਸ੍ਰੋਤਰੀ=ਸਤਿਗੁਰੂ ਭਾਵ ਪੂਰਨ ਗੁਰੂ ਮਿਲ ਜਾਵੇ, ਪ੍ਰਸ਼ੱਨ ਹੋਕੇ ਆਪਣੀਂ ਸ਼ੁਭ ਸਿੱਖਿਆ ਗੁਰਉਪਦੇਸ਼ ਬੋਲਕੇ ਦੇ ਦੇਵੇ ਜੀਵ ਉਸਦੇ ਬਚਨਾਂ ਤੇ ਪੂਰਾ ਪਹਿਰਾ ਦੇਕੇ ਪ੍ਰਭੂ ਦਾ ਨਾਮ ਜੱਪੇ। ਜਿਵੇਂ ਕਬੀਰ ਜੀ ਨੂੰ ਰਾਮਾਂ ਨੰਦ ਸਤਿਗੁਰੂ ਨੇਂ ਆਪਣੀਂ ਰਸ਼ਨਾਂ ਤੋਂ ਰਾਮ ਸ਼ਬਦ ਦਿੱਤਾ ਸੀ, ਕਬੀਰ ਜੀ ਨੇਂ ਦਿਨ ਰਾਤ ਰਾਮ ਰਾਮ ਪ੍ਰਭੂ ਦਾ ਨਾਮ ਜੱਪਿਆ, ਪ੍ਰਭੂ ਦਾ ਰੂਪ ਹੀ ਬਣ ਗਏ ਕਬੀਰ ਜੀ। ਤੁਸੀਂ ਭੀ ਜੱਪੋ ਜੀ।

ਤਥਾ: ਹੋਰੁ ਕੂੜੁ ਪੜਣਾ ਕੂੜੁ ਕਮਾਵਣਾ ਬਿਖਿਆ ਨਾਲਿ ਪਿਆਰੁ॥

ਅੰਦਰਿ ਸੁਖੁ ਨ ਹੋਵਈ ਮਨਮੁਖ ਜਨਮੁ ਖੁਆਰੁ॥ ਮਾਰੂ ਮਹਲਾ ੩॥

(ਪੰਨਾ ੧੦੯੪)

ਅਰਥ: ਨਾਮ ਤੋਂ ਬਿਨਾਂ ਹੋਰ ਪੜ੍ਹਨਾ ਭੀ ਝੂਠ ਹੈ, ਕਮਾਉਣਾ ਭੀ ਝੂਠਾ ਹੈ। ਕਿਉਂਕੇ ਇਹ ਸੱਭ ਕੁੱਛ ਮਾਇਆ ਦੇ ਪਿਆਰ ਵਿਚ ਹੋ ਰਿਹਾ ਹੈ, ਪਾਠ ਪੂਜਾ ਕੱਥਾ ਕੀਰਤਨੁ, ਇਨ੍ਹਾਂ ਕਰਮਾਂ ਧਰਮਾਂ ਨੂੰ ਕਰਕੇ ਹਿਰਦੇ ਵਿਚ ਸੁਖ ਦੀ ਪ੍ਰਾਪਤੀ ਨਹੀਂ ਹੁੰਦੀ, ਨਾਮ ਤੋਂ ਬਿਨਾਂ ਮਨਮੁਖਾਂ ਦਾ ਜਨਮੁ ਖੁਆਰੁ ਹੁੰਦਾ ਹੈ, ਮਰਦੇ ਜੰਮਦੇ ਰਹਿੰਦੇ ਹਨ, ਚਉਰਾਸੀ ਲੱਖ ਜੂਨਾਂ ਵਿਚ ਖੁਆਰੁ ਹੁੰਦੇ ਹਨ।

ਤਥਾ: ਨਾਨਕ ਨਾਮਿ ਰੇਤ ਸੇ ਉਬਰੇ ਗੁਰ ਕੈ ਹੇਤਿ ਅਪਾਰਿ॥

(ਪੰਨਾ ੧੦੯੪)

ਅਰਥ: ਜਿਹੜੇ ਪ੍ਰੇਮੀ ਤਨੋਂ ਮਨੋਂ ਨਾਮ ਵਿਚ ਰਤੇ=ਰੰਗੇ ਹਨ, ਉਹ ਉਬਰੈ=ਸੰਸਾਰੁ ਸਮੁੰਦਰ ਚੋਂ ਤਰ ਗਏ ਹਨ, ਮਨੁੱਖਾ ਜਨਮ ਨੂੰ ਜਿੱਤ ਗਏ ਹਨ, ਵੱਡ ਭਾਗੇ ਹਨ।

ਤਥਾ: ਜਿਨ ਕਉ ਅੰਦਰਿ ਗਿਆਨੁ ਨਹੀ ਭੈ ਕੀ ਨਾਹੀ ਬਿੰਦ॥

ਨਾਨਕ ਮੁਇਆ ਕਾ ਕਿਆ ਮਾਰਣਾ ਜਿ ਆਪਿ ਮਾਰੇ ਗੋਵਿੰਦ॥੧॥

(ਮਹਲਾ ੩॥ ਪੰਨਾ ੧੦੯੪)

ਅਰਥ: ਜਿਨ੍ਹਾਂ ਦੇ ਦਿਲ ਦਮਾਗ ਵਿਚ ਗਿਆਨ ਦੀ ਪ੍ਰਾਪਤੀ ਨਹੀਂ ਹੋਈ। ਪਰਮੇਸ਼ਰ ਦਾ ਜਾਂ ਆਪਣੇ ਗੁਰੂ ਦਾ ਕੋਈ ਭੈ=ਡਰ ਨਹੀਂ ਵੇਡੱਰ ਹੋਕੇ ਨਾਨਕ ਮੁਇਆ=ਏਨ੍ਹਾ ਮਰਿਆਂ ਹੋਇਆ ਦਾ ਕੀ ਮਾਰਨਾਂ ਹੈ। ਏਹ ਤਾਂ ਗੋਵਿੰਦ=ਪਰਮੇਸ਼ਨੇਂ ਮਾਰੇ ਹੋਏ ਨੇਂ, ਗੁਰੂ ਦੇ ਮਾਰੇ ਨੂੰ ਹੋਰ ਕੋਈ ਬਚਾ ਨਹੀਂ ਸਕਦਾ। ਆਪਣੇਂ ਗੁਰੂ ਗ੍ਰੰਥ ਸਾਹਿਬ ਨੂੰ ਹਰਿ ਟੈਮ ਜਾਗਦੀ ਜੋਤਿ ਮੰਨਿਆ ਕਰੋ, ਤੁਹਾਡੇ ਗੁਰੂ ਦੀ ਬੱਖਸ਼ਸ਼ ਹੋਵੇਗੀ।

ਤਥਾ: ਜਿਨੀ ਨਾਮੁ ਵਿਸਾਰਿਆ ਬਹੁ ਕਰਮ ਕਮਾਵਹਿ ਹੋਰਿ॥

ਨਾਨਕ ਜਮ ਪੁਰਿ ਬਧੇ ਮਾਰੀਅਹਿ ਜਿਉ ਸੰਨ੍ਹੀ ਉਪਰਿ ਚੋਰ॥ ਸਲੋਕ ਮ: ੩॥

(ਪੰਨਾ ੧੨੪੭)

ਅਰਥ: ਜਿਨ੍ਹਾਂ ਨੇਂ ਨਾਮ ਨੂੰ ਵਿਸਾਰਕੇ=ਨਾਮੁ ਤੋਂ ਭੁੱਲਕੇ ਹੋਰ ਕਰਮ ਧਰਮਾਂ ਵਿਚ ਜ਼ਿੰਦਗੀ ਗਵਾ ਲਈ। ਪਾਠ ਪੂਜਾ ਆਦਿਕ ਵਿਚ ਤੀਰਥਾਂ ਤੇ ਫਿਰਿ ਫਿਰਿ ਕੇ ਟੈਮ ਖਰਾਬ ਕੀਤਾ ਨਾਮ ਨਹੀਂ ਜਪਿਆ। ਗੁਰੂ ਜੀ ਕਹਿੰਦੇ ਹਨ:- ਉਹ ਜਮਪੁਰ ਜਮਾਂ ਦੀ ਮਾਰ ਖਾਣਗੇ, ਜਿਵੇਂ ਸੰਨ੍ਹ=ਪਾੜ ਉਤੇ ਚੋਰ ਨੂੰ ਪਿੰਡ ਵਾਲੇ ਫੜਕੇ ਕੁਟਾਈ ਕਰਦੇ ਹਨ। ਚੋਰ ਨੂੰ ਸਾਰੇ ਹੀ ਪਿੰਡ ਵਾਲੇ ਡੰਡੇ ਅਤੇ ਜੁੱਤੀਆਂ ਮਾਰਦੇ ਹਨ।

ਤਥਾ: ਹਿੰਦੂ ਕੈ ਘਰਿ ਹਿੰਦੂ ਆਵੈ॥ ਸੂਤੁ ਜਨੇਊ ਪੜਿ ਗਲਿ ਪਾਵੈ॥

ਸੂਤੁ ਪਾਇ ਕਰੇ ਬੁਰਿਆਈ॥ ਨਾਤਾ ਧੋਤਾ ਥਾਇ ਨ ਪਾਈ॥ ਮ: ੧॥

(ਪੰਨਾ ੯੫੧)

ਅਰਥ: ਹਿੰਦੂ ਦੇ ਘਰ=ਭਾਵ ਜਜ਼ਮਾਨ ਦੇ ਘਰ ਬ੍ਰਾਹਮਣੁ ਆਉਂਦੇ ਹੈ। ਮੰਤ੍ਰ ਪੜ੍ਹਕੇ ਸੂਤ ਦਾ ਜਨੇਊ ਜਜ਼ਮਾਨ ਦੇ ਗੱਲ ਵਿਚ ਪਾਉਂਦਾ ਹੈ। ਅਗਰ ਜਜ਼ਮਾਨ ਆਪਣੇਂ ਗਲ ਵਿਚ ਸੂਤ ਦਾ ਜਨੇਊ ਪਾਕੇ ਬੁਰਿਆਈਆਂ ਕਰਦਾ ਹੈ, ਤਾਂ ਧਰਮ ਦੇ ਜੰਨੇਊ ਦੀ ਪ੍ਰਵਾਹ ਨਹੀਂ ਕਰਦਾ ਕੇ ਮੈਂ ਹੁਣ ਧਰਮ ਦਾ ਚਿੰਨ ਪਾਕੇ ਧਰਮੀ ਬਣ ਗਿਆ ਹਾਂ ਬੁਰੇ ਕੰਮ ਨਾਂ ਕਰਾਂ, ਗੁਰੂ ਨਾਨਕ ਦੇਵ ਜੀ ਕਹਿੰਦੇ ਹਨ: ਕੇ ਉਸ ਦਾ ਨ੍ਹਾਤਾ ਧੋਤਾ ਥਾਏਂ ਨਹੀਂ ਪਾਵੇਗਾ, ਪਰਮੇਸ਼ਰ ਦੀ ਦਰਗਾਹ ਵਿਚੋਂ ਜਮਾਂ ਦੀ ਮਾਰ ਖਾਵੇਗਾ।

ਨੋਟ: ਅਸੀਂ ਭੀ ਖਿਆਲ ਰਖਣਾਂ ਹੈ ਜਦੋਂ ਅਸੀਂ ਖੰਡੇ ਬਾਟੇ ਦਾ ਅੰਮ੍ਰਿਤ ਛੱਕ ਲਿਆ, ਪੰਜ ਕਕਾਰ ਸਾਡੇ ਧਰਮ ਦੇ ਚਿੰਨ ਅਸੀਂ ਪਾ ਲਏ, ਉਸ ਦਿਨ ਤੋਂ ਅਸੀਂ ਗੁਰੂ ਕੇ ਸਿੰਘ ਸਜ ਜਾਂਦੇ ਹਾਂ, ਧਰਮੀ ਸਿੱਖ ਬਣ ਜਾਂਦੇ ਹਾਂ, ਜੇ ਅਸੀਂ ਗੁਰੂ ਕੇ ਸਿੱਖ ਹੋਕੇ ਪੰਜ ਕਕਾਰ ਪਾਕੇ ਬੁਰੇ ਕੰਮ ਕਰਾਂਗੇ ਤਾਂ ਸਾਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਿੱਖੀ ਤੋਂ ਖਾਰਜ ਕਰ ਦਿੰਦੇ ਹਨ। ਮਸੰਦਾਂ ਨੇਂ ਮਾਇਆ ਲੁਕਾਣ ਦੀ ਗੱਲਤੀ ਕੀਤੀ ਸੀ। ਗੁਰੂ ਜੀ ਨੇਂ ਅਨੰਦਪੁਰ ਸਾਹਿਬ ਤੇਲ ਦੇ ਕੜਾਹੇ ਵਿੱਚ ਤੱਲ ਕੇ ਪਕੌੜੇ ਬਣਾ ਦਿੱਤੇ ਸੀ, ਗੱਲਤੀ ਨਹੀਂ ਕਰਨੀਂ ਗੁਰੂ ਜੀ ਸਦਾ ਹੀ ਸਾਨੂੰ ਦੇਖਦੇ ਹਨ। ਸਾਡੇ ਗੁਰੂ ਸਾਹਿਬ ਤਿਨਾਂ ਲੋਕਾਂ ਦੀ ਜਾਨਣ ਵਾਲੇ ਹਨ।

ਤਥਾ: ਜਿਸੁ ਸਿਕਦਾਰੀ ਤਿਸਹਿ ਖੁਆਰੀ ਚਾਕਰ ਕੇਹੇ ਡਰਣਾ॥

ਜਾ ਸਿਕਦਾਰੈ ਪਵੈ ਜੰਜੀਰੀ ਤਾ ਚਾਕਰ ਹਥਹੁ ਮਰਣਾ॥ ਮਹਲਾ ੧॥

(ਪੰਨਾ ੯੦੩)

ਅਰਥ: ਗੁਰੂ ਜੀ ਕਲਜੁਗ ਨੂੰ ਕਹਿੰਦੇ ਹਨ:- ਕਲਜੁਗਾ ਤੂੰ ਰਾਜਾ ਹੋਕੇ ਪਾਪੁ ਕਰਾਉਂਦਾ ਹੈ ਜੰਤਾ ਤੋਂ ਅਤੇ ਆਪ ਪਾਪ ਕਰਦਾ ਹੈ। ਜਦੋਂ ਦਰਗਾਹਾ ਵਿਚ ਆਵੇਂਗਾ ਸਾਡੇ ਹੱਥੋਂ ਮਰੇਂਗਾ, ਤੇਰੇ ਗਲ ਵਿਚ ਸੰਗਲੀ ਪਾਵਾਂਗੇ।

ਹੋਈਆਂ ਭੁੱਲਾਂ ਦੀ ਮਾਫੀ ਚਾਉਂਦਾ ਹਾਂ ਜੀ।

ਕਰਨੈਲ ਸਿੰਘ ਟੋਰਾਂਟੋ
-416-746-7642

# ਗੋਆ ਦੀ ਲੜਾਈ ਦੀ ਕਹਾਣੀ – ਕੈਪਟਨ ਵਿਰਕ ਦੀ ਜ਼ੁਬਾਨੀ



ਕੈਪਟਨ ਇਕਬਾਲ ਸਿੰਘ ਵਿਰਕ
ਫ਼ੋਨ: 647-631-9445

ਗੋਆ ਵਿੱਚ ਪੁਰਤਗੇਜ਼ਾਂ ਨਾਲ ਭਾਰਤੀ ਫ਼ੌਜ ਦੀ ਲੜਾਈ ਸਫ਼ਲਤਾ ਪੂਰਵਕ 18 ਦਸੰਬਰ 1961 ਨੂੰ ਲੜੀ ਗਈ। ਭਾਰਤੀ ਫ਼ੌਜ ਵੱਲੋਂ ਇਹ ਲੜਾਈ 22 ਦਸੰਬਰ ਨੂੰ ਸ਼ੁਰੂ ਕਰਨ ਦਾ ਫ਼ੈਸਲਾ ਕੀਤਾ ਗਿਆ ਸੀ, ਪਰ ਪੁਰਤਗੇਜ਼ਾਂ ਨੂੰ ਇਸ ਦੀ ਜਾਣਕਾਰੀ ਅਗਾਊਂ ਲੀਕ ਹੋ ਜਾਣ ਕਾਰਨ ਭਾਰਤੀ ਫ਼ੌਜ ਨੇ ਮਿਥੇ ਸਮੇਂ ਤੋਂ ਚਾਰ ਦਿਨ ਪਹਿਲਾਂ 18 ਦਸੰਬਰ ਨੂੰ ਹੀ ਉਨ੍ਹਾਂ ਉੱਪਰ ਹਮਲਾ ਕਰ ਦਿੱਤਾ। 15 ਅਗਸਤ 1947 ਨੂੰ ਭਾਰਤ ਦੇ ਆਜ਼ਾਦ ਹੋਣ ਤੋਂ ਬਾਅਦ ਕਿਸੇ ਦੇਸ਼ ਦੇ ਵਿਰੁੱਧ ਇਹ ਭਾਰਤ ਦੀ ਦੂਸਰੀ ਲੜਾਈ ਸੀ।

ਪਹਿਲੀ ਲੜਾਈ ਆਜ਼ਾਦੀ ਤੋਂ ਇੱਕ ਸਾਲ ਬਾਅਦ ਹੀ 1948 ਵਿੱਚ ਪਾਕਿਸਤਾਨ ਨਾਲ ਹੋਈ ਜਦੋਂ ਉਸ ਦੇ ਕਥਿਤ 'ਕਬਾਇਲੀਆਂ' ਜੋ ਦਰਅਸਲ ਫ਼ੌਜੀ ਹੀ ਸਨ, ਨੇ ਕਸ਼ਮੀਰ ਵਿੱਚ ਭਾਰਤ 'ਤੇ ਹਮਲਾ ਕਰ ਦਿੱਤਾ ਸੀ। ਉਸ ਵੇਲੇ ਕਸ਼ਮੀਰ ਵਿੱਚ ਉਨ੍ਹਾਂ ਦੇ ਨਾਲ ਗਹਿ-ਗੱਚ ਮੁਕਾਬਲਾ ਹੋਇਆ ਸੀ ਅਤੇ ਭਾਰਤੀ ਫ਼ੌਜ ਦੇ ਉਸ ਖੇਤਰ ਵਿੱਚ ਸੱਭ ਤੋਂ ਉੱਚੇ ਅਹੁਦੇ 'ਤੇ ਬਿਰਾਜਮਾਨ ਬ੍ਰਿਗੇਡੀਅਰ ਉਸਮਾਨ ਅਲੀ ਇਸ ਲੜਾਈ ਵਿੱਚ ਸ਼ਹੀਦ ਹੋ ਗਏ ਸਨ। ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਉਨ੍ਹਾਂ ਦੀ ਮਿਰਤਕ ਦੇਹ ਨੂੰ 'ਸਪੁਰਦੇ-ਖ਼ਾਕ' ਕਰਨ ਦੀ ਰਸਮ ਵਿੱਚ ਖ਼ੁਦ ਸ਼ਾਮਲ ਹੋਏ ਸਨ। ਭਾਰਤ ਦੇ ਰਾਸ਼ਟਰਪਤੀ ਵੱਲੋਂ ਉਨ੍ਹਾਂ ਨੂੰ 'ਵੀਰ-ਚੱਕਰ' ਦੇ ਵੱਕਾਰੀ ਸਨਮਾਨ ਨਾਲ ਸਨਮਾਨਿਤ ਕੀਤਾ ਗਿਆ ਸੀ ਅਤੇ ਬਾਅਦ ਵਿੱਚ 1955-56 ਵਿੱਚ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਇਕ ਪੁਸਤਕ ਵਿੱਚ ਉਨ੍ਹਾਂ ਦੀ ਬਹਾਦਰੀ ਸਬੰਧੀ ਇਕ ਅਧਿਆਇ ਵੀ ਸ਼ਾਮਲ ਕੀਤਾ ਗਿਆ ਸੀ। ਗੋਆ, ਦਰਅਸਲ, ਹੈ ਤਾਂ ਭਾਰਤ ਦਾ ਹੀ ਇਕ ਹਿੱਸਾ ਸੀ ਪਰ ਅੰਗਰੇਜ਼ਾਂ ਨੇ ਇਸ ਨੂੰ ਪੁਰਤਗੇਜ਼ਾਂ ਦੇ ਹਵਾਲੇ ਕੀਤਾ ਹੋਇਆ ਸੀ। ਇਸ ਦੇ ਕਈ ਕਾਰਨ ਸਨ ਜਿਨ੍ਹਾਂ ਦੇ ਵਿਸਥਾਰ ਵਿੱਚ ਜਾਣ ਦੀ ਇੱਥੇ ਲੋੜ ਨਹੀਂ ਹੈ। ਗੋਆ ਨੂੰ ਪੁਰਗਾਲੀਆਂ ਕੋਲੋਂ ਆਜ਼ਾਦ ਕਰਵਾਉਣ ਲਈ ਕਈ ਪ੍ਰਦਰਸ਼ਨਕਾਰੀ ਉੱਥੇ ਜਾਂਦੇ ਸਨ ਜਿਨ੍ਹਾਂ ਨੂੰ ਪੁਰਤਗਾਲੀ ਫ਼ੌਜੀਆਂ ਵੱਲੋਂ ਗੋਲੀਆਂ ਦੀ ਬੋਛਾੜ ਨਾਲ ਅੱਗੇ ਵੱਧਣ ਤੋਂ ਰੋਕ ਦਿੱਤਾ ਜਾਂਦਾ ਸੀ ਅਤੇ ਉੱਥੇ ਹੀ ਸ਼ਹੀਦ ਕਰ ਦਿੱਤਾ ਜਾਂਦਾ ਸੀ। ਇਸ ਘਟਨਾਕ੍ਰਮ ਵਿੱਚ ਕਈ ਲੋਕ ਸ਼ਹੀਦ ਹੋ ਗਏ ਜਿਨ੍ਹਾਂ ਵਿੱਚ ਆਖ਼ਰੀ ਸ਼ਹੀਦ ਪੰਜਾਬ ਦੇ ਲੁਧਿਆਣਾ ਜ਼ਿਲੇ ਦੇ ਸ਼ਹਿਰ ਖੰਨਾ ਦੇ ਨੇੜੇ ਪਿੰਡ ਈਸੜੂ ਦੇ ਕਰਨੈਲ ਸਿੰਘ 'ਈਸੜੂ' ਸਨ। ਇਨ੍ਹਾਂ ਸਮੂਹ ਸ਼ਹੀਦਾਂ ਦੀ ਸ਼ਹੀਦੀ ਰੰਗ ਲਿਆਈ ਅਤੇ ਗੋਆ ਆਖ਼ਰ 1961 ਦੇ ਅਖ਼ੀਰਲੇ ਮਹੀਨੇ ਦਸੰਬਰ ਵਿੱਚ ਆਜ਼ਾਦ ਹੋ ਗਿਆ।

ਉਸ ਸਮੇਂ ਗੋਆ ਜਾਣ ਲਈ ਦੋ ਸੜਕੀ ਰਸਤੇ ਸਨ ਅਤੇ ਤੀਸਰਾ ਸਮੁੰਦਰੀ ਰਸਤਾ ਸੀ। ਪਹਿਲਾ ਸੜਕੀ ਰਸਤਾ ਡੋਡਾ ਸੜਕ ਦੁਆਰਾ ਸੀ ਜਿਸ ਤੋਂ ਜਾ ਕੇ 17 ਡਿਵ. (ਡਿਵੀਜ਼ਨ) ਦੇ ਫ਼ੌਜੀਆਂ ਨੇ ਹਮਲਾ ਕਰਨਾ ਸੀ। ਉਸ ਸਮੇਂ ਇਸ ਦਾ ਡਿਵ. ਕਮਾਂਡਰ ਮੇਜਰ ਜਨਰਲ ਕੈਥਿਤ ਸੀ। ਪੁਰਤਗਾਲੀ ਫ਼ੌਜੀਆਂ ਨੂੰ ਇਹ ਭੁਲੇਖਾ ਲੱਗ ਗਿਆ ਕਿ ਉਨ੍ਹਾਂ ਉੱਪਰ ਭਾਰਤੀ ਫ਼ੌਜ ਦੀਆਂ 17 ਡਿਵੀਜ਼ਨਾਂ ਹਮਲਾ ਕਰ ਰਹੀਆਂ ਹਨ ਅਤੇ ਉਹ ਇਸ ਤੋਂ ਡਰ ਗਏ। ਲੜਾਈ ਖ਼ਤਮ ਹੋਣ ਤੋਂ ਬਾਅਦ ਉਨ੍ਹਾਂ ਵੱਲੋਂ ਮੇਜਰ ਜਨਰਲ ਕੈਥਿਤ ਨੂੰ ਜਾਨੋਂ ਮਾਰਨ ਦੀ ਯੋਜਨਾ ਬਣਾਈ ਗਈ। ਜਨਰਲ ਸਾਹਿਬ ਨੇ ਇਕ ਵੱਡੀ ਸਾਰੀ ਬਿਲਡਿੰਗ ਵਿਚ ਕਿਸੇ ਜ਼ਰੂਰੀ ਮੀਟਿੰਗ ਵਿੱਚ ਸ਼ਾਮਲ ਹੋਣਾ ਸੀ ਜਿਸ ਦੀ ਸੂਹ ਪੁਰਤਗਾਲੀਆਂ ਨੂੰ ਲੱਗ ਗਈ ਅਤੇ ਉਨ੍ਹਾਂ ਉਸ ਬਿਲਡਿੰਗ ਦੇ ਅੰਦਰਵਾਰ ਰਸਤੇ ਵਿਚ ਇੱਕ ਪੀਪੇ ਵਿੱਚ ਚੌਲਾਂ ਦੀ 'ਫੁੱਕ' (ਭੂਸਾ) ਭਰ ਕੇ ਉਸ ਵਿੱਚ ਇੱਕ ਬੰਬ ਫਿੱਟ ਕਰ ਦਿੱਤਾ। ਉਸ ਇਮਾਰਤ ਵਿੱਚ ਕੰਮ ਕਰਦਾ ਇੱਕ ਸਫ਼ਾਈ ਕਰਮਚਾਰੀ ਗ਼ਲਤੀ ਨਾਲ ਉਸ ਪੀਪੇ ਨੂੰ ਛੇੜ ਬੈਠਾ ਅਤੇ ਇਸ ਤਰ੍ਹਾਂ ਉਹ ਬੰਬ ਸਮੇਂ ਤੋਂ ਪਹਿਲਾਂ ਹੀ ਫਟ ਗਿਆ। ਮੇਰਾ ਟਰੇਡ ਉਸ ਸਮੇਂ ਭਾਰਤੀ ਫ਼ੌਜ ਵਿੱਚ ਡਰਾਈਵਰ ਦਾ ਸੀ ਅਤੇ ਮੈਂ ਘੰਟਾ ਕੁ ਬਾਅਦ ਕਿਸੇ ਕੰਮ ਲਈ ਆਪਣੀ ਗੱਡੀ ਵਿੱਚ ਉਸ ਇਮਾਰਤ ਨੇੜਲੀ ਸੜਕ ਤੋਂ ਲੰਘਿਆ। ਮੈਂ ਬਾਹਰੋਂ ਹੀ ਵੇਖਿਆ ਕਿ ਇਹ ਬੰਬ ਫਟਣ ਨਾਲ ਉਸ ਬਿਲਡਿੰਗ ਦੇ ਸਾਰੇ ਹੀ ਸ਼ੀਸ਼ੇ ਟੁੱਟੇ ਹੋਏ ਸਨ ਅਤੇ ਉਸ ਨੂੰ ਹੋਰ ਵੀ ਕਾਫ਼ੀ ਨੁਕਸਾਨ ਪਹੁੰਚਿਆ ਸੀ। ਡੋਡਾ ਰੋਡ 1947 ਤੋਂ ਹੀ ਬੰਦ ਸੀ ਅਤੇ ਇਹ ਸਿੰਗਲ ਸੜਕ ਬੜੀ ਖ਼ਸਤਾ ਹਾਲਤ ਵਿੱਚ ਸੀ। ਇਹ ਬਹੁਤ ਸਾਰੀਆਂ ਥਾਵਾਂ ਤੋਂ ਟੁੱਟੀ ਹੋਈ ਸੀ ਅਤੇ ਇਸ ਵਿਚ ਕਈ ਥਾਈਂ ਡੂੰਘੇ ਟੋਏ ਪਏ ਹੋਏ ਸਨ। ਸੜਕ ਦੇ ਦੋਹਾਂ ਪਾਸਿਆਂ 'ਤੇ ਵੱਡੇ-ਵੱਡੇ ਬਾਸਾਂ ਦੇ ਸੰਘਣੇ ਦ੍ਰਖ਼ਤਾਂ ਨੇ ਇਸ ਨੂੰ ਪੂਰੀ ਤਰ੍ਹਾਂ ਢੱਕਿਆ ਹੋਇਆ ਸੀ ਅਤੇ ਲੱਗਭੱਗ ਬੰਦ ਹੀ ਕੀਤਾ ਹੋਇਆ ਸੀ। ਇਸ ਰਸਤੇ ਰਾਹੀਂ ਜਾਣ ਵਾਲੀ ਫ਼ੌਜ ਨੂੰ ਇਹ ਬਾਂਸ ਕੱਟ-ਕੱਟ ਕੇ ਸੜਕ 'ਤੇ ਰਸਤਾ ਬਣਾ ਕੇ ਅੱਗੇ ਵੱਧਣਾ ਪਿਆ।

ਗੋਆ ਜਾਣ ਵਾਲਾ ਦੂਸਰਾ ਰਸਤਾ 'ਸਤਵੰਤ ਵਾੜੀ' ਸੀ ਅਤੇ ਇਸ ਰਸਤੇ ਰਾਹੀਂ 50 ਬ੍ਰਿਗੇਡ ਨੇ ਹਮਲਾ ਕਰਨਾ ਸੀ। ਇਸ ਬ੍ਰਿਗੇਡ ਵਿੱਚ ਸਾਰੇ ਹੀ 'ਛਾਤਾਧਾਰੀ ਸੈਨਿਕ' (ਪੈਰਾ-ਟਰੁੱਪਰਜ਼) ਹੁੰਦੇ ਹਨ ਜੋ ਭਾਰਤ ਦੇ ਕਿਸੇ ਵੀ ਕੋਨੇ ਤੋਂ ਦੋ ਘੰਟਿਆਂ ਦੇ ਅੰਦਰ-ਅੰਦਰ ਹੀ ਪੈਰਾਸ਼ੂਟਾਂ ਰਾਹੀਂ ਉੱਤਰ ਕੇ ਦੁਸ਼ਮਣ 'ਤੇ ਹਮਲਾ ਕਰ ਸਕਦੇ ਹਨ, ਜਿਵੇਂ ਕਿ 1965 ਦੀ ਭਾਰਤ-ਪਾਕਿਸਤਾਨ ਲੜਾਈ ਦੌਰਾਨ ਮੁਕਤਸਰ ਦੇ ਇਲਾਕੇ ਵਿੱਚ ਪਾਕਿਸਤਾਨੀਆਂ ਵੱਲੋਂ ਅਜਿਹੇ 'ਛਾਤਾਬਰਦਾਰ ਫ਼ੌਜੀ' ਉਤਾਰੇ ਗਏ ਸਨ, ਪਰ ਉਹ ਸਾਰੇ ਦੇ ਸਾਰੇ ਪਿੰਡਾਂ ਦੇ ਬਹਾਦਰ ਕਿਸਾਨਾਂ ਵੱਲੋਂ ਉੱਤਰਦਿਆਂ ਹੀ ਫੜ੍ਹ ਲਏ ਗਏ ਸਨ। ਅਜਿਹੇ ਹੀ ਇੱਕ ਪਾਕਿਸਤਾਨੀ ਛਾਤਾਬਰਦਾਰ ਫ਼ੌਜੀ ਨੂੰ ਮਿਲਣ ਦਾ ਮੈਨੂੰ ਵੀ ਮੌਕਾ ਮਿਲਿਆ ਸੀ। ਮੈਂ ਉਸ ਸਮੇਂ 20 ਸਾਲ ਦਾ ਮੁੱਛ-ਫੁੱਟ ਜਵਾਨ ਭਾਰਤੀ ਫ਼ੌਜ ਵਿੱਚ ਸਿਪਾਹੀ ਸੀ। ਭਾਰਤੀ ਫ਼ੌਜ ਦੀ ਤੀਸਰੀ ਲੜਾਈ 1962 ਵਿੱਚ ਚੀਨ ਨਾਲ ਹੋਈ ਸੀ ਅਤੇ ਚੌਥੀ 1965 ਵਿੱਚ ਪਾਕਿਸਤਾਨ ਨਾਲ ਹੋਈ। ਪੰਜਵੀਂ ਲੜਾਈ ਫਿਰ ਪਾਕਿਸਤਾਨ ਨਾਲ 1971 ਵਿੱਚ ਹੋਈ ਜਿਸ ਵਿੱਚ ਭਾਰਤੀ ਫ਼ੌਜ ਵੱਲੋਂ 'ਸਿਵਲ-ਕਾਲਮ' ਖੜਾ ਕੀਤਾ ਗਿਆ ਸੀ। ਸਾਡੀ ਕੰਪਨੀ ਨੇ 1650 ਸਿਵਲ ਟਰੱਕ ਕਾਬੂ ਕੀਤੇ ਹੋਏ ਸਨ ਅਤੇ ਉਨ੍ਹਾਂ ਉੱਪਰ ਕੰਟਰੋਲ ਕਰਨਾ ਬੜਾ ਮੁਸ਼ਕਲ ਸੀ। ਮੈਂ ਉਸ ਸਮੇਂ 'ਨਾਇਕ' ਦੇ ਰੈਂਕ ਵਿੱਚ ਸੀ ਅਤੇ ਸਾਡਾ ਕੰਮ ਪੰਜਾਬ ਅਤੇ ਰਾਜਸਥਾਨ ਦੇ ਬਾਰਡਰਾਂ ਉੱਤੇ ਹਰ ਕਿਸਮ ਦੀ ਸਪਲਾਈ ਪਹੁੰਚਾਉਣ ਦਾ ਸੀ।

18 ਦਸੰਬਰ ਦੀ ਰਾਤ ਨੂੰ ਪੈਰਾ ਬ੍ਰਿਗੇਡ ਦੀ ਪਹਿਲੀ ਸਿੱਖ ਰੈਜਮੈਂਟ ਦੇ ਇੱਕ ਸੈਕਸ਼ਨ ਨੇ ਗੋਆ 'ਤੇ ਹਮਲਾ ਕਰ ਦਿੱਤਾ। ਉਸ ਸਮੇਂ ਸੈਕਸ਼ਨ-ਕਮਾਂਡਰ ਕੋਲੋਂ ਬੜੀ ਵੱਡੀ ਗ਼ਲਤੀ ਹੋਈ। ਸੈਕਸ਼ਨ-ਕਮਾਂਡਰ ਜੋ ਇੱਕ ਹਵਾਲਦਾਰ ਸੀ, ਨੇ ਬੈਟਰੀ ਦੀ ਲਾਈਟ ਜਗਾ ਕੇ ਆਪਣੇ ਸੈਕਸ਼ਨ ਨੂੰ ਅੱਗੇ ਵੱਧਣ ਲਈ ਕਿਹਾ। ਜਿਉਂ ਹੀ ਉਹ ਅੱਗੇ ਵਧੇ, ਪੁਰਤਗੇਜ਼ਾਂ ਦੇ ਪਹਿਲੇ ਮੋਰਚੇ 'ਤੇ ਤਾਇਨਾਤ ਆਰਮਡਕਾਰ ਦੇ ਇੱਕ ਜਵਾਨ ਨੇ ਉਸ ਵਿੱਚੋਂ ਬ੍ਰਸਟ ਮਾਰਿਆ ਅਤੇ ਉਹ ਹਵਾਲਦਾਰ ਉੱਥੇ ਹੀ ਮੌਕੇ 'ਤੇ ਸ਼ਹੀਦ ਹੋ ਗਿਆ। ਹੋਰ ਵੀ ਕਾਫ਼ੀ ਨੁਕਸਾਨ ਹੋਇਆ। ਤਿੰਨ ਦਿਨਾਂ ਬਾਅਦ ਮੈਂ ਉਸ ਹਵਾਲਦਾਰ ਦੀ ਚਿਖ਼ਾ ਬਲਦੀ ਆਪਣੀਆਂ ਅੱਖਾਂ ਨਾਲ ਵੇਖੀ। ਉਦੋਂ ਸ਼ਹੀਦ ਹੋਏ ਜਵਾਨਾਂ ਦੇ ਮਿਰਤਕ ਸਰੀਰ ਉਨ੍ਹਾਂ ਦੇ ਘਰੀਂ ਪਹੁੰਚਾਉਣ ਦਾ ਪ੍ਰਬੰਧ ਨਹੀਂ ਸੀ ਹੁੰਦਾ ਅਤੇ ਉਨ੍ਹਾਂ ਦੇ ਅੰਤਮ-ਸਸਕਾਰ ਉੱਥੇ ਹੀ ਕਰ ਦਿੱਤੇ ਜਾਂਦੇ ਸਨ।

ਇਸ ਤੋਂ ਬਾਅਦ ਭਾਰਤੀ ਫ਼ੌਜ ਵੱਲੋਂ ਦੁਸ਼ਮਣ 'ਤੇ ਜ਼ਬਰਦਸਤ ਹਮਲਾ ਕੀਤਾ ਗਿਆ ਅਤੇ ਆਰਮਡਕਾਰ ਵਾਲੇ ਪਿੱਛੇ ਭੱਜਣ ਲੱਗੇ। ਪਿੱਛਾਂਹ ਭੱਜਦੇ ਹੋਏ ਪੁਰਤਗਾਲੀ ਫ਼ੌਜੀ ਛੋਟੇ-ਵੱਡੇ ਸਾਰੇ ਪੁਲ਼ ਤੋੜਦੇ ਗਏ ਅਤੇ ਸਾਡੀ ਫ਼ੌਜ ਦੀ ਇੰਜੀਨੀਅਰਿੰਗ ਕੰਪਨੀ ਇਹ ਪੁਲ਼ ਨਾਲੋ ਨਾਲ ਬਣਾਉਂਦੀ ਗਈ। ਪੈਰਾ ਸਿੱਖ ਰੈਜਮੈਂਟ ਦੇ ਕਰਨਲ ਸੁੱਚਾ ਸਿੰਘ ਬੜੇ ਬਹਾਦਰ ਅਫ਼ਸਰ ਸਨ। ਉਹ ਮੈਡੀਕਲ ਕੈਟਾਗਰੀ ਵਿੱਚੋਂ ਸੀ ਅਤੇ ਇਸ ਲਈ ਆਪਣੀ ਮਰਜ਼ੀ ਦੇ ਨਾਲ ਲੜਾਈ ਦੇ ਮੈਦਾਨ (ਫ਼ੀਲਡ) ਵਿੱਚ ਨਹੀਂ ਜਾ ਸਕਦੇ ਸਨ। ਕਰਨਲ ਸੁੱਚਾ ਸਿੰਘ ਨੇ ਆਪਣੇ ਉੱਪਰਲੇ ਅਫ਼ਸਰ ਨੂੰ ਲਿਖ ਕੇ ਦਿੱਤਾ ਕਿ ਉਹ ਲੜਾਈ ਵਿੱਚ ਆਪਣੀ ਰੈਜਮੈਂਟ ਦੇ ਨਾਲ ਜਾਣਾ ਚਾਹੁੰਦੇ ਹਨ ਅਤੇ ਉਹ ਗਏ ਵੀ। ਉਸ ਤੋਂ ਕਈ ਸਾਲ ਬਾਅਦ ਵਿੱਚ ਮੈਨੂੰ ਪਤਾ ਲੱਗਾ ਕਿ ਉਹ ਫ਼ੌਜ ਵਿੱਚੋਂ ਬ੍ਰਿਗੇਡੀਅਰ ਦੇ ਅਹੁਦੇ 'ਤੇ ਸੇਵਾ-ਮੁਕਤ ਹੋਏ ਸਨ। ਪੈਰਾ ਬ੍ਰਿਗੇਡ ਦੇ ਬ੍ਰਿਗੇਡੀਅਰ ਉਦੋਂ ਸੱਖਤ ਸਿੰਘ ਸਨ ਜੋ ਅਜੋਕੇ ਹਰਿਆਣੇ ਦੇ ਕਿਸੇ ਪਿੰਡ ਨਾਲ ਸਬੰਧਤ ਸਨ।

ਸੱਭ ਤੋਂ ਪਹਿਲਾਂ 'ਪਹਿਲੀ ਸਿੱਖ ਪੈਰਾ ਰੈਜਮੈਂਟ' ਅਤੇ ਇਸ ਦੇ ਨਾਲ ਹੀ 'ਚਾਰ ਸਿੱਖ ਲਾਈਟ ਇਨਫ਼ੈਂਟਰੀ ਰੈਜਮੈਂਟ' ਜੋ ਪੈਰਾ ਬ੍ਰਿਗੇਡ ਦੇ ਨਾਲ ਅਟੈਚਡ ਸੀ, ਨੇ ਕਰਨਲ ਸੁੱਚਾ ਸਿੰਘ ਤੇ ਬ੍ਰਿਗੇਡੀਅਰ ਸਖ਼ਤ ਸਿੰਘ ਦੀ ਕਮਾਂਡ ਹੇਠ ਗੋਆ ਦੇ 'ਪੰਜਮ' ਸ਼ਹਿਰ ਜਿਸ ਨੂੰ ਅੱਜਕੱਲ੍ਹ 'ਪਣਜੀ' ਕਿਹਾ ਜਾਂਦਾ ਹੈ, ਉੱਤੇ 20 ਦਸੰਬਰ ਦੀ ਸਵੇਰ ਨੂੰ ਭਾਰਤ ਦਾ ਝੰਡਾ ਲਹਿਰਾ ਦਿੱਤਾ। ਇਸ ਤਰ੍ਹਾਂ ਭਾਰਤ ਦੀ ਬਹਾਦਰ ਫ਼ੌਜ ਨੇ ਦੋ ਦਿਨ ਅਤੇ ਇੱਕ ਰਾਤ ਵਿੱਚ ਹੀ ਪੁਰਤਗਾਲ ਦੇ 5,000 ਫ਼ੌਜੀ ਕੈਦ ਕਰ ਲਏ। ਦੂਸਰੇ ਪਾਸੇ ਡੋਡਾ ਸੜਕ ਦੇ ਰਸਤੇ ਆਉਣ ਵਾਲਾ 17 ਡਿਵ. ਰਸਤੇ ਵਿੱਚ ਆਈਆਂ ਸੜਕੀ ਮੁਸ਼ਕਲਾਂ ਦੇ ਕਾਰਨ ਕਾਫ਼ੀ ਲੇਟ ਗੋਆ ਪਹੁੰਚ ਸਕਿਆ।

ਗੋਆ ਆਉਣ ਦੇ ਲਈ ਤੀਸਰਾ ਰਸਤਾ, ਜਿਵੇਂ ਪਹਿਲਾਂ ਦੱਸਿਆ ਗਿਆ ਹੈ ਕਿ ਇਹ ਸਮੁੰਦਰੀ ਸੀ ਅਤੇ ਇਹ ਭਾਰਤੀ ਨੇਵੀ ਨੇ ਪੂਰੀ ਤਰ੍ਹਾਂ ਰੋਕਿਆ ਹੋਇਆ ਸੀ। ਪੁਰਤਗਾਲ ਦੇ ਦੋ ਜਹਾਜ਼ ਗੋਲਾ-ਬਰੂਦ ਵਗ਼ੈਰਾ ਲੈ ਕੇ ਇਸ ਸਮੁੰਦਰੀ ਰਸਤੇ ਰਾਹੀਂ ਆ ਰਹੇ ਸਨ। ਰਸਤੇ ਵਿੱਚ ਉਨ੍ਹਾਂ ਨਹਿਰ ਸਵੇਜ਼ ਵਿੱਚੋਂ ਦੀ ਲੰਘਣਾ ਸੀ। ਉਸ ਵੇਲੇ ਮਿਸਰ ਦੇ ਰਾਸ਼ਟਰਪਤੀ ਕਰਨਲ ਨਾਸਰ ਸਨ ਜੋ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਦੇ ਗੂੜ੍ਹੇ ਮਿੱਤਰ ਸਨ। ਉਨ੍ਹਾਂ ਨੇ ਪੁਰਤਗਾਲ ਦੇ ਜਹਾਜ਼ਾਂ ਨੂੰ ਨਹਿਰ ਸਵੇਜ਼ ਵਿੱਚੋਂ ਲੰਘਣ ਦੀ ਆਗਿਆ ਹੀ ਨਾ ਦਿੱਤੀ। ਜੇਕਰ ਉਹ ਆ ਵੀ ਜਾਂਦੇ ਤਾਂ ਭਾਰਤੀ ਨੇਵੀ ਉਨ੍ਹਾਂ ਦਾ 'ਸੁਆਗਤ' ਕਰਨ ਲਈ ਬਿਲਕੁਲ ਤਿਆਰ-ਬਰ-ਤਿਆਰ ਖੜੀ ਸੀ। ਜਦੋਂ ਸਾਡੀ ਫ਼ੌਜ ਗੋਆ ਦੇ ਪੰਜਮ ਸ਼ਹਿਰ ਪਹੁੰਚੀ ਤਾਂ ਅਸੀਂ ਉੱਥੇ ਵੇਖਿਆ ਕਿ ਇਹ ਸ਼ਹਿਰ ਬੜਾ ਸਾਫ਼-ਸੁਥਰਾ ਸੀ। ਕੋਈ ਵੀ ਦੁਕਾਨਦਾਰ ਰਾਤ ਨੂੰ ਆਪਣੀ ਦੁਕਾਨ ਨੂੰ ਤਾਲਾ ਨਹੀਂ ਸੀ ਲਾਉਂਦਾ। ਰੇਹੜੀਆਂ ਵਾਲੇ ਜੋ ਖਾਣ-ਪੀਣ ਦਾ ਸਮਾਨ, ਜਿਵੇਂ ਰਿਓੜੀਆਂ/ਮੂੰਗਫ਼ਲੀਆਂ/ਗੱਚਕ, ਫ਼ਲ-ਫ਼ਰੂਟ, ਕੋਲਡ-ਡਰਿੰਕਸ, ਆਦਿ ਵੇਚਦੇ ਸਨ, ਉਹ ਰਾਤ ਨੂੰ ਓਸੇ ਤਰ੍ਹਾਂ ਹੀ ਆਪਣੀਆਂ ਰੇਹੜੀਆਂ 'ਤੇ ਛੱਡ ਕੇ ਚਲੇ ਜਾਂਦੇ ਸਨ। ਕੋਈ ਵੀ ਉਸ ਨੂੰ ਨਹੀਂ ਸੀ ਛੇੜਦਾ। ਉਂਜ, ਰਾਤ ਨੂੰ ਉੱਥੇ ਚੌਕੀਦਾਰ ਜ਼ਰੂਰ ਹੁੰਦਾ ਸੀ। ਉਸ ਨੇ ਟੈਰੀਕਾਟ ਦੀ ਖ਼ਾਕੀ ਵਰਦੀ ਪਾਈ ਹੁੰਦੀ ਸੀ, ਜਿਵੇਂ ਦੀ ਅੱਜਕੱਲ੍ਹ ਪੰਜਾਬ ਪੁਲੀਸ ਦੀ ਹੈ।

ਉਸ ਤੋਂ ਠੀਕ 15 ਦਿਨਾਂ ਬਾਅਦ ਰੇਲ-ਗੱਡੀਆਂ ਰਾਹੀਂ ਫ਼ੌਜ ਲਈ ਲੋੜੀਂਦਾ ਸਮਾਨ, ਜਿਵੇਂ ਆਟਾ, ਦਾਲਾਂ, ਖੰਡ, ਚੌਲ, ਵਰਦੀਆਂ ਵਗ਼ੈਰਾ ਆਉਣਾ ਸ਼ੁਰੂ ਹੋ ਗਿਆ। ਮੇਰੀ ਡਿਊਟੀ ਪੁਰਤਗੇਜ਼ੀ ਫ਼ੌਜੀ ਕੈਦੀਆਂ ਕੋਲੋਂ ਕੰਮ ਕਰਾਉਣ ਲਈ ਉਨ੍ਹਾਂ ਨੂੰ ਰੇਲਵੇ ਸਟੇਸ਼ਨ 'ਤੇ ਲਿਜਾਣ ਅਤੇ ਵਾਪਸ ਲਿਆਉਣ ਦੀ ਸੀ। ਇਸ ਦੌਰਾਨ ਕੋਈ ਵੀ ਕੈਦੀ ਭੱਜਣ ਦੀ ਕੋਸ਼ਿਸ਼ ਨਹੀਂ ਸੀ ਕਰਦਾ ਅਤੇ ਉਹ ਸਾਡੀ ਫ਼ੌਜੀ ਗਾਰਦ ਦੇ ਕੰਟਰੋਲ ਹੇਠ ਬੜੇ ਵਧੀਆ ਤਰੀਕੇ ਨਾਲ ਕੰਮ ਕਰਦੇ ਸਨ। ਗਾਰਦ ਦਾ ਇੰਚਾਰਜ ਸਾਰਜੈਂਟ ਸੀ, ਜਿਸ ਨੂੰ 'ਹਵਾਲਦਾਰ' ਵੀ ਕਿਹਾ ਜਾਂਦਾ ਹੈ। ਉਹ ਫ਼ੌਜੀ ਕੈਦੀ ਵੀ ਆਪਣੀ ਵਰਦੀ ਵਿੱਚ ਹੁੰਦੇ ਸਨ। ਸਾਡੀ ਫ਼ੌਜ ਦੇ ਦਿਆਲੂ ਫ਼ੌਜੀ ਉਨ੍ਹਾਂ ਨੂੰ ਬੀਅਰ ਵਗ਼ੈਰਾ ਦੀ ਸੁਲਾਹ ਮਾਰ ਲੈਂਦੇ ਸਨ ਜਿਸ ਨੂੰ ਉਹ ਬੜੇ ਸ਼ੌਕ ਨਾਲ ਪ੍ਰਵਾਨ ਕਰਦੇ ਸਨ। ਇਸ ਨਾਲ ਉਹ ਰੇਲ ਗੱਡੀਆਂ ਵਿੱਚ ਆਏ ਸਮਾਨ ਨੂੰ ਬੜੇ ਉਤਸ਼ਾਹ ਨਾਲ ਉਤਾਰਦੇ ਸਨ।

ਇਸ ਲੜਾਈ ਦਾ ਭਾਰਤ ਨੂੰ ਇਹ ਫ਼ਾਇਦਾ ਹੋਇਆ ਕਿ ਉਸ ਨੂੰ ਇੱਕ ਬੰਦਰਗਾਹ ਹੋਰ ਮਿਲ ਗਈ ਜਿਸ ਦੇ ਰਾਹੀਂ ਪਹਾੜਾਂ ਵਿੱਚੋਂ ਮਿਲਣ ਵਾਲਾ ਕੱਚਾ ਲੋਹਾ ਤੇ ਹੋਰ ਸਾਜ਼ੋ-ਸਮਾਨ ਹੋਰਨਾ ਦੇਸ਼ਾਂ ਨੂੰ ਪਹੁੰਚਾਉਣਾ ਆਸਾਨ ਹੋ ਗਿਆ। ਗੋਆ ਦਾ ਵਿਓਪਾਰ ਕਈ ਦੇਸ਼ਾਂ ਨਾਲ ਚੱਲਦਾ ਸੀ ਅਤੇ ਇੱਥੋਂ ਵੱਡੇ-ਵੱਡੇ ਸਮੁੰਦਰੀ ਜਹਾਜ਼ ਭਰ ਕੇ ਉਨ੍ਹਾਂ ਦੇਸ਼ਾਂ ਨੂੰ ਜਾਂਦੇ ਸਨ। ਇੱਥੇ ਕਾਜੂ ਅਤੇ ਨਾਰੀਅਲ ਬਹੁਤ ਹੁੰਦਾ ਸੀ। ਕਾਜੂ ਦੀ ਸ਼ਰਾਬ ਕੇਵਲ ਇੱਕ ਰੁਪਏ ਵਿੱਚ ਮਿਲ ਜਾਂਦੀ ਸੀ, ਜਦਕਿ ਬਰਾਂਡੀ ਅਤੇ ਵਿਸਕੀ ਦੀ ਬੋਤਲ ਪੰਜ ਰੁਪਏ ਦੀ ਸੀ। ਤਾੜੀ ਦੇ ਦ੍ਰਖ਼ਤ ਤੋਂ 'ਤਾੜੀ' ਬਹੁਤ ਨਿਕਲਦੀ ਸੀ। ਇਹ ਰੁੱਖ ਖ਼ਜੂਰ ਦੇ ਰੁੱਖ ਵਾਂਗ ਹੀ ਉੱਚਾ-ਲੰਮਾਂ ਹੁੰਦਾ ਹੈ। ਇਸ ਦੇ ਉੱਪਰ ਚੜ੍ਹ ਕੇ ਇਸ ਦੇ ਤਣੇ ਨੂੰ ਟੱਕ ਲਗਾ ਕੇ ਇਸ ਦੇ ਨਾਲ 'ਕੁੱਜਾ' ਜਾਂ 'ਤੌੜੀ' ਬੰਨ੍ਹ ਦਿੱਤੀ ਜਾਂਦੀ ਹੈ ਜਿਸ ਵਿੱਚ ਇਸ ਦਾ ਰਸ ਇਕੱਠਾ ਹੁੰਦਾ ਰਹਿੰਦਾ ਹੈ। ਤਾੜੀ ਦੀ ਇਹ ਬੋਤਲ ਵੀ ਇੱਕ ਰੁਪਏ ਦੀ ਮਿਲ ਜਾਂਦੀ ਸੀ। ਇਸ ਦਾ ਨਸ਼ਾ ਬਹੁਤਾ ਨਹੀਂ ਹੁੰਦਾ। ਇਸ ਲਈ ਬਹੁਤੇ ਲੋਕ ਇਸ ਨੂੰ ਓਨਾ ਪਸੰਦ ਨਹੀਂ ਸਨ ਕਰਦੇ।

ਲੜਾਈ ਖ਼ਤਮ ਹੋਣ ਤੋਂ ਬਾਅਦ ਭਾਰਤੀ ਫ਼ੌਜੀਆਂ ਨੇ ਪੁਰਤਗਾਲੀਆਂ ਦੇ ਸਟੋਰਾਂ ਵਿੱਚੋਂ ਇੱਕ ਲੱਖ ਬੋਤਲ 'ਵਿਨੋ' (ਵਾਈਨ) ਦੀ ਫੜੀ। ਉਸ ਦੀ ਇੱਕ ਵੱਡੀ ਬੋਤਲ ਵਿੱਚ ਆਪਣੀਆਂ 13 ਬੋਤਲਾਂ ਹੁੰਦੀਆਂ ਹਨ। ਇਸ ਦਾ ਮਤਲਬ ਕਿ ਫ਼ੌਜ ਨੇ 13 ਲੱਖ ਬੋਤਲਾਂ ਇਸ ਵਾਈਨ ਦੀਆਂ ਫੜੀਆਂ। ਇਹ ਵੱਡੀਆਂ ਬੋਤਲਾਂ ਆਸੇ-ਪਾਸੇ ਬਾਂਸ ਦੀਆਂ ਫੱਟੀਆਂ ਲਾ ਕੇ ਅਤੇ ਵਿੱਚ ਪਰਾਲੀ ਰੱਖ ਕੇ ਚੰਗੀ ਤਰ੍ਹਾਂ ਪੈਕ ਕੀਤੀਆਂ ਹੋਈਆਂ ਸਨ। ਪੈਕਟਾਂ ਦੇ ਦੋਹੀਂ ਪਾਸੀਂ ਕੁੰਡੇ ਲੱਗੇ ਹੋਏ ਸਨ। ਇਸ ਲਈ ਇਨ੍ਹਾਂ ਨੂੰ ਪਕੜਨ ਵਿੱਚ ਕੋਈ ਦਿੱਕਤ ਨਹੀਂ ਸੀ ਆਉਂਦੀ। ਸਾਨੂੰ ਹਫ਼ਤੇ ਵਿੱਚ ਤਿੰਨ ਵਾਰ ਮੀਟ ਵਾਲੇ ਦਿਨ ਹਰੇਕ ਫ਼ੌਜੀ ਨੂੰ ਇੱਕ-ਇੱਕ ਮੱਗ ਇਸ ਦਾ ਪੀਣ ਲਈ ਦਿੱਤਾ ਜਾਂਦਾ ਸੀ। ਹਰ ਰੋਜ਼ ਪੀਣ ਵਾਲੇ ਕੁਆਟਰ-ਮਾਸਟਰ ਕੋਲ ਜਾ ਕੇ ਜਿੰਨੀ ਮਰਜ਼ੀ ਵੀ ਪੀ ਆਉਂਦੇ ਸਨ। ਇਹ ਵਾਈਨ ਲਾਲ ਅੰਗੂਰਾਂ ਦੀ ਬਣੀ ਹੋਈ ਸੀ ਅਤੇ ਇਸ ਨੂੰ ਰੋਜ਼ ਪੀਣ ਵਾਲਿਆਂ ਦੇ ਚਿਹਰਿਆਂ ਦਾ ਰੰਗ ਛੇ ਮਹੀਨਿਆਂ ਵਿੱਚ ਵਾਹਵਾ ਈ ਲਾਲ ਹੋ ਗਿਆ ਸੀ। ਪੁਰਤਗਾਲੀਆਂ ਦਾ ਕਾਗ਼ਜ਼ ਦਾ 'ਨੋਟ' ਅਸੀਂ ਉਦੋਂ ਉੱਥੇ ਕੋਈ ਨਹੀਂ ਵੇਖਿਆ। ਅਲਬੱਤਾ, ਪੁਰਤਗਾਲੀ ਸਿੱਕੇ ਜ਼ਰੂਰ ਕਈ ਮਿਲੇ ਸਨ ਜਿਨ੍ਹਾਂ ਉੱਪਰ ਅੰਗਰੇਜ਼ੀ ਵਿੱਚ 'ਪੁਰਤਗਾਲ 'ਦ ਇੰਡੀਆ' ਲਿਖਿਆ ਹੋਇਆ ਸੀ। ਸੋਨਾ ਉਸ ਸਮੇਂ 90 ਰੁਪਏ ਤੋਲਾ ਸੀ। ਸੱਭ ਤੋਂ ਮਸ਼ਹੂਰ ਉਨ੍ਹਾਂ ਦਿਨਾਂ ਵਿੱਚ 'ਸਾਂਟਨ' ਹੁੰਦੀ ਸੀ ਅਤੇ ਇਹ ਇੱਕ ਰੁਪਏ ਗਜ਼ ਸੀ।

ਇੱਥੇ ਸੱਭ ਤੋਂ ਖ਼ੁਸ਼ੀ ਅਤੇ ਹੈਰਾਨ ਕਰਨ ਵਾਲੀ ਗੱਲ ਦੱਸਣਯੋਗ ਹੈ। ਇੱਕ ਦਿਨ ਅਸੀਂ ਕੁਝ ਫ਼ੌਜੀ ਕਾਜੂ ਦੇ ਦ੍ਰਖ਼ਤਾ ਹੇਠ ਬੈਠ ਆਰਾਮ ਕਰ ਰਹੇ ਸੀ। ਉਸ ਦਿਨ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ-ਦਿਹਾੜਾ ਸੀ। ਸਾਨੂੰ ਪਤਾ ਹੀ ਨਾ ਲੱਗਾ ਕਿ ਕਦੋਂ ਜੰਗਲ ਦੇ ਵਿੱਚੋਂ ਲੰਘ ਕੇ ਕੁੱਝ ਹਿੰਦੂ ਸਾਡੇ ਕੋਲ ਆ ਕੇ ਬੈਠ ਗਏ। ਪੁੱਛਣ 'ਤੇ ਪਤਾ ਲੱਗਾ ਕਿ ਉਹ ਸਿੰਧੀ ਸਨ ਅਤੇ ਉਹ ਉਸ ਦਿਨ ਇੱਕ ਘਰ ਵਿੱਚ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਪੁਰਬ ਮਨਾ ਰਹੇ ਸਨ। ਉਨ੍ਹਾਂ ਨੇ ਸਾਨੂੰ ਵੀ ਉੱਥੇ ਆਉਣ ਲਈ ਸੱਦਾ ਦਿੱਤਾ ਜਿਸ ਨੂੰ ਅਸੀਂ ਖਿੜੇ-ਮੱਥੇ ਪ੍ਰਵਾਨ ਕਰ ਲਿਆ। ਅਸੀਂ 14 ਜਣੇ ਇੱਕ ਫੇਰੀ ਰਾਹੀਂ ਦੂਸਰੇ ਪਾਸੇ ਪੰਜਮ ਵਿੱਚ ਇੱਕ ਆਲੀਸ਼ਾਨ ਕੋਠੀ ਵਿੱਚ ਪਹੁੰਚੇ। ਸੱਭ ਤੋਂ ਉੱਪਰਲੀ ਮੰਜ਼ਲ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਹੋਇਆ ਸੀ। ਉਸ ਦਿਨ ਉਨ੍ਹਾਂ ਨੇ ਉੱਥੇ ਪਹਿਲਾਂ ਤੋਂ ਆਰੰਭ ਕੀਤੇ ਹੋਏ 'ਸਹਿਜੇ ਪਾਠ' ਦਾ ਭੋਗ ਪਾਇਆ। ਇੱਕ ਬੀਬੀ ਜੀ ਨੇ ਸਾਨੂੰ ਅਰਦਾਸ ਕਰਨ ਲਈ ਆਖਿਆ ਪਰ ਸਾਡੇ ਵਿੱਚੋਂ ਕਿਸੇ ਨੂੰ ਵੀ ਇਹ ਜ਼ਬਾਨੀ ਯਾਦ ਨਹੀਂ ਸੀ। ਸੋ ਅਰਦਾਸ ਵੀ ਉਸ ਬੀਬੀ ਨੇ ਆਪ ਹੀ ਕੀਤੀ। ਸਾਡੇ ਵਿੱਚ ਸੱਭ ਤੋਂ ਵੱਡੀ ਉਮਰ ਦਾ ਇੱਕ ਹਵਾਲਦਾਰ ਸੀ ਜਿਸ ਨੂੰ ਅਸੀਂ ਸਾਰੇ 'ਚਾਚਾ' ਕਹਿੰਦੇ ਸੀ, ਨੇ ਉੱਥੇ ਗੁਰੂ ਗੋਬਿੰਦ ਸਿੰਘ ਜੀ ਅਤੇ ਉਨ੍ਹਾਂ ਦੇ ਪਰਿਵਾਰ ਦੀ ਅਦੁੱਤੀ ਕੁਰਬਾਨੀ ਬਾਰੇ ਸੰਖੇਪ ਵਿੱਚ ਬੋਲਿਆ। ਉਨ੍ਹਾਂ ਸਿੰਧੀ ਭਰਾਵਾਂ ਨੇ ਉੱਥੇ ਕਈ ਕਿਸਮ ਦਾ ਲੰਗਰ ਤਿਆਰ ਕੀਤਾ ਹੋਇਆ ਸੀ ਅਤੇ ਉਨ੍ਹਾਂ ਦੇ ਨਾਲ ਬੈਠ ਕੇ ਇਹ ਲੰਗਰ ਛਕਣ ਦਾ ਬੜਾ ਆਨੰਦ ਆਇਆ। ਇਹ ਸਿੰਧੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਿੱਖਾਂ ਵਾਂਗ ਹੀ ਆਪਣਾ 'ਗੁਰੂ' ਮੰਨਦੇ ਹਨ ਅਤੇ ਇਸ ਦਾ ਪ੍ਰਕਾਸ਼ ਉਹ ਪਹਿਲਾਂ ਅੰਦਰ ਹੀ ਕਰਦੇ ਸਨ। ਗੋਆ ਦੇ ਆਜ਼ਾਦ ਹੋ ਜਾਣ ਤੋਂ ਬਾਅਦ ਉਨ੍ਹਾਂ ਨੇ ਗੁਰਦੁਆਰਾ ਸਾਹਿਬ ਦੇ ਬਾਹਰ ਨਿਸ਼ਾਨ ਸਾਹਿਬ ਵੀ ਲਗਾ ਲਿਆ। ਇਹ ਸਿੰਧੀ ਉਹ ਲੋਕ ਹਨ ਜਿਨ੍ਹਾਂ ਨੇ ਇੱਕ ਪਿੰਡ ਵਿੱਚ ਗੁਰੂ ਨਾਨਕ ਦੇਵ ਜੀ ਦੀ ਬੜੀ ਸ਼ਰਧਾ ਭਾਵਨਾ ਨਾਲ ਸੇਵਾ ਕੀਤੀ ਸੀ ਅਤੇ ਉਨ੍ਹਾਂ ਨੂੰ ਗੁਰੂ ਸਾਹਿਬ ਵੱਲੋਂ "ਉੱਜੜ ਜਾਓ" ਦਾ 'ਵਰ' ਮਿਲਿਆ ਸੀ। ਸਿੰਧੀ ਜਿੱਥੇ ਵੀ ਗਏ, ਉਨ੍ਹਾਂ ਨੇ ਓਸੇ ਸੇਵਾ ਭਾਵਨਾਂ ਨਾਲ ਹੀ ਲੋਕਾਂ ਦੀ ਸੇਵਾ ਕੀਤੀ ਅਤੇ ਹੁਣ ਵੀ ਕਰ ਰਹੇ ਹਨ। ਮੈਂ ਕਰਨਾਟਕ ਦੀ ਰਾਜਧਾਨੀ ਬੰਗਲੋਰ ਵਿੱਚ ਬਹੁਤ ਸਾਰੇ ਸਿੰਧੀਆਂ ਨੂੰ ਮਿਲਿਆ ਹਾਂ। ਉੱਥੇ ਇਨ੍ਹਾਂ ਦੇ ਬਹੁਤ ਸਾਰੇ ਗੁਰਦੁਆਰੇ ਹਨ। ਇਸ ਦੇ ਨਾਲ ਹੀ ਮੈਂ ਕਿਸੇ ਵੀ ਸਿੰਧੀ ਨੂੰ ਮੰਗਦੇ ਨਹੀਂ ਵੇਖਿਆ।

ਲੜਾਈ ਖ਼ਤਮ ਹੋ ਜਾਣ ਤੋਂ ਕੁੱਝ ਦਿਨਾਂ ਬਾਅਦ ਫ਼ੌਜ ਵਾਪਸ ਆਪਣੀਆਂ ਛਾਉਣੀਆਂ ਵਿੱਚ ਆ ਗਈ। ਪਰ ਅਸੀਂ ਪੈਰਾ ਬ੍ਰਿਗੇਡ ਵਾਲੇ ਪੂਰੇ ਛੇ ਮਹੀਨੇ ਉੱਥੇ ਰਹੇ। ਛੇ ਮਹੀਨਿਆਂ ਬਾਅਦ ਪੁਰਤਗਾਲੀ ਫ਼ੌਜੀ ਕੈਦੀਆਂ ਨੂੰ ਅਸੀਂ ਵਾਸਕੋਡੇਗਾਮਾ ਬੰਦਰਗਾਹ ਤੋਂ ਪਾਕਿਸਤਾਨ ਦੀ ਬੰਦਰਗਾਰ ਕਰਾਚੀ ਜਾਣ ਵਾਲੇ ਸਮੁੰਦਰੀ ਜਹਾਜ਼ ਵਿੱਚ ਪਹੁੰਚਦੇ ਕੀਤਾ। ਉੱਥੋਂ ਉਨ੍ਹਾਂ ਨੂੰ ਅੱਗੋਂ ਪਾਕਿਸਤਾਨ ਵਾਲਿਆਂ ਨੇ ਪੁਰਤਗਾਲ ਪਹੁੰਚਾਉਣਾ ਸੀ। ਸਾਥੋਂ ਵਿਦਾ ਹੋ ਕੇ ਉਹ ਖ਼ੁਸ਼ ਵੀ ਸਨ। ਕਾਰਨ ਸਾਫ਼ ਸੀ, 100 ਰੁਪਏ ਮਹੀਨਾ ਤਨਖ਼ਾਹ, ਖਾਣ-ਪੀਣ ਲਈ ਹਲਾਲ ਮੀਟ ਅਤੇ ਬੀਅਰ-ਸ਼ੀਅਰ ਵੀ। ਉਨ੍ਹਾਂ ਵਿੱਚੋਂ ਜਿਹੜੇ ਆਗਵਤ ਕਿਲ੍ਹੇ ਵਿੱਚ ਸਨ, ਸ਼ਾਮ ਨੂੰ ਸਮੁੰਦਰ ਵਿੱਚ ਨੰਗੇ ਨਹਾਉਣ ਦਾ ਨਜ਼ਾਰਾ ਵੀ ਲੈਂਦੇ ਸਨ। ਅਸੀਂ ਸਾਰਿਆਂ ਨੂੰ ਦੋ-ਦੋ ਕੱਛੇ ਸੰਵਾ ਕੇ ਦਿੱਤੇ ਅਤੇ ਫਿਰ ਉਹ ਇਹ ਪਾਉਣ ਲੱਗ ਪਏ ਸਨ। ਗੋਆ ਦੀ ਇਸ ਲੜਾਈ ਵਿੱਚ ਹਿੱਸਾ ਲੈਣ ਵਾਲੇ ਬਰੈਂਪਟਨ ਸ਼ਹਿਰ ਵਿੱਚ ਰਹਿੰਦੇ 'ਕੈਨੇਡੀਅਨ ਪੰਜਾਬੀ ਪੋਸਟ' ਅਖ਼ਬਾਰ ਦੇ ਸੰਪਾਦਕ ਜਗਦੀਸ਼ ਸਿੰਘ ਗਰੇਵਾਲ ਦੇ ਪਿਤਾ ਜੀ ਸ. ਕ੍ਰਿਪਾਲ ਸਿੰਘ ਗਰੇਵਾਲ ਮੈਨੂੰ ਇੱਥੇ ਮਿਲੇ ਹਨ। ਉਨ੍ਹਾਂ ਨੂੰ ਮਿਲ ਕੇ ਅਤਿਅੰਤ ਖ਼ੁਸ਼ੀ ਹੋਈ। ਜੇਕਰ ਅਜਿਹਾ ਕੋਈ ਹੋਰ ਸੱਜਣ ਵੀ ਇੱਥੇ ਰਹਿੰਦਾ ਹੋਵੇ ਤਾਂ ਉਹ ਮੇਰੇ ਨਾਲ 647-631-9445 'ਤੇ ਸੰਪਰਕ ਕਰ ਸਕਦਾ ਹੈ। ਮੈਨੂੰ ਉਸ ਨੂੰ ਮਿਲ ਕੇ ਬੜੀ ਖ਼ੁਸ਼ੀ ਹੋਵੇਗੀ।

(ਸਹਿਯੋਗੀ: ਡਾ. ਸੁਖਦੇਵ ਸਿੰਘ ਝੰਡ, ਫ਼ੋਨ: 647-567-9128




## ਵਿਜੀਲੈਂਸ ਬਿਊਰੋ ਵਲੋਂ 5000 ਰੁਪਏ ਰਿਸ਼ਵਤ ਲੈਣ ਦੇ ਦੋਸ਼ ਹੇਠ ਏ.ਐੱਸ.ਆਈ. ਗ੍ਰਿਫ਼ਤਾਰ




ਚੰਡੀਗੜ੍ਹ, 22 ਦਸੰਬਰ (ਪੋਸਟ ਬਿਊਰੋ): ਭ੍ਰਿਸ਼ਟਾਚਾਰ ਵਿਰੁੱਧ ਵਿੱਢੀ ਮੁਹਿੰਮ ਦੌਰਾਨ ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਥਾਣਾ ਕੋਟਕਪੂਰਾ ਸ਼ਹਿਰ, ਜ਼ਿਲ੍ਹਾ ਫਰੀਦਕੋਟ ਵਿਖੇ ਤਾਇਨਾਤ ਸਹਾਇਕ ਸਬ ਇੰਸਪੈਕਟਰ (ਏ.ਐਸ.ਆਈ.) ਹਰਪ੍ਰੀਤ ਸਿੰਘ ਨੂੰ 5000 ਰੁਪਏ ਰਿਸ਼ਵਤ ਮੰਗਣ ਅਤੇ ਲੈਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਗਿਆ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਦੋਸ਼ੀ ਏ.ਐਸ.ਆਈ. ਨੂੰ ਸ਼ਿਕਾਇਤਕਰਤਾ ਮੁਨੀਸ਼ ਪਾਠਕ ਵਾਸੀ ਕੋਟਕਪੂਰਾ ਤੋਂ 3000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਗਿਆ ਹੈ।

ਵੇਰਵੇ ਦਿੰਦਿਆਂ ਉਨ੍ਹਾਂ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਾਇਆ ਕਿ ਉਕਤ ਪੁਲਿਸ ਅਧਿਕਾਰੀ ਇੱਕ ਸ਼ਿਕਾਇਤਕਰਤਾ ਨਾਲ ਆਪਸੀ ਸਮਝੌਤਾ ਕਰਵਾਉਣ ਬਦਲੇ 5,000 ਰੁਪਏ ਰਿਸ਼ਵਤ ਮੰਗ ਰਿਹਾ ਸੀ, ਜਿਸ ਨੇ ਉਸਦੇ ਖਿਲਾਫ਼ ਥਾਣਾ ਸਦਰ ਵਿਖੇ ਸ਼ਿਕਾਇਤ ਦਰਜ ਕਰਵਾਈ ਸੀ। ਉਸ ਨੇ ਅੱਗੇ ਦੋਸ਼ ਲਾਇਆ ਕਿ ਦੋਸ਼ੀ ਪੁਲੀਸ ਮੁਲਾਜ਼ਮ ਪਹਿਲਾਂ ਹੀ ਉਸ ਕੋਲੋਂ ਪਹਿਲੀ ਕਿਸ਼ਤ ਵਜੋਂ 2000 ਰੁਪਏ ਰਿਸ਼ਵਤ ਲੈ ਚੁੱਕਾ ਹੈ ਅਤੇ ਇਸ ਸਬੰਧੀ ਹੋਰ ਪੈਸੇ ਮੰਗ ਰਿਹਾ ਸੀ। ਸ਼ਿਕਾਇਤਕਰਤਾ ਨੇ ਇਸ ਬਾਰੇ ਕੀਤੀ ਗੱਲਬਾਤ ਨੂੰ ਸਬੂਤ ਵਜੋਂ ਰਿਕਾਰਡ ਕੀਤਾ ਅਤੇ ਮੁੱਖ ਮੰਤਰੀ ਦੀ ਭ੍ਰਿਸ਼ਟਾਚਾਰ ਵਿਰੋਧੀ ਹੈਲਪਲਾਈਨ 'ਤੇ ਆਨਲਾਈਨ ਸ਼ਿਕਾਇਤ ਦਰਜ ਕਰਵਾਈ।

ਬੁਲਾਰੇ ਨੇ ਅੱਗੇ ਦੱਸਿਆ ਕਿ ਵਿਜੀਲੈਂਸ ਬਿਊਰੋ ਨੇ ਸ਼ਿਕਾਇਤ ਵਿੱਚ ਲਗਾਏ ਦੋਸ਼ਾਂ ਦੀ ਜਾਂਚ ਕਰਨ ਉਪਰੰਤ ਜਾਲ ਵਿਛਾਇਆ ਅਤੇ ਦੋਸ਼ੀ ਪੁਲਿਸ ਅਧਿਕਾਰੀ ਨੂੰ ਦੋ ਸਰਕਾਰੀ ਗਵਾਹਾਂ ਦੀ ਮੌਜੂਦਗੀ ਵਿਚ ਦੂਜੀ ਕਿਸ਼ਤ ਵਜੋਂ 3000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ। ਇਸ ਸਬੰਧੀ ਉਪਰੋਕਤ ਪੁਲਿਸ ਅਧਿਕਾਰੀ ਖਿਲਾਫ਼ ਵਿਜੀਲੈਂਸ ਬਿਊਰੋ ਦੇ ਥਾਣਾ ਫਿਰੋਜ਼ਪੁਰ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮੁਕੱਦਮਾ ਦਰਜ ਕਰ ਲਿਆ ਗਿਆ ਹੈ। ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

## ਲੁਧਿਆਣਾ ਵਿਖੇ 'ਐੱਨ.ਆਰ.ਆਈ. ਪੰਜਾਬੀਆਂ ਨਾਲ ਮਿਲਣੀ' ਪ੍ਰੋਗਰਾਮ ਅੱਜ : ਕੁਲਦੀਪ ਸਿੰਘ ਧਾਲੀਵਾਲ

### ਹਰ ਸਾਲ ਦਸੰਬਰ ਅਤੇ ਅਪ੍ਰੈਲ ਦੇ ਮਹੀਨੇ ਵਿਚ ਹੋਇਆ ਕਰਨਗੇ ਮਿਲਣੀ ਸਮਾਗਮ

ਚੰਡੀਗੜ੍ਹ, 22 ਦਸੰਬਰ (ਪੋਸਟ ਬਿਊਰੋ): ਪੰਜਾਬ ਸਰਕਾਰ ਪ੍ਰਵਾਸੀ ਪੰਜਾਬੀਆਂ ਦੀਆਂ ਸ਼ਿਕਾਇਤਾਂ ਤੇ ਸਮੱਸਿਆਵਾਂ ਦਾ ਹੱਲ ਕਰਨ ਲਈ ਵਚਨਬੱਧ ਹੈ। ਇਸੇ ਦਿਸ਼ਾ ਵਿੱਚ ਅੱਗੇ ਵਧਦਿਆਂ ਸੂਬਾ ਸਰਕਾਰ 'ਐਨ.ਆਰ.ਆਈ. ਪੰਜਾਬੀਆਂ ਨਾਲ ਮਿਲਣੀ' ਸਮਾਗਮ ਕਰਵਾ ਰਹੀ ਹੈ ਤਾਂ ਜੋ ਪ੍ਰਵਾਸੀ ਪੰਜਾਬੀਆਂ ਨਾਲ ਸਬੰਧਤ ਮਾਮਲਿਆਂ ਨੂੰ ਛੇਤੀ ਤੇ ਤਸੱਲੀਬਖਸ਼ ਢੰਗ ਨਾਲ ਹੱਲ ਕੀਤਾ ਜਾ ਸਕੇ।

ਇਹ ਜਾਣਕਾਰੀ ਦਿੰਦਿਆਂ ਪੰਜਾਬ ਦੇ ਪ੍ਰਵਾਸੀ ਭਾਰਤੀ ਮਾਮਲਿਆਂ ਨਾਲ ਸਬੰਧਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਦੱਸਿਆ ਕਿ ਲੁਧਿਆਣਾ ਵਿਖੇ 'ਐਨ.ਆਰ.ਆਈ. ਪੰਜਾਬੀਆਂ ਨਾਲ ਮਿਲਣੀ' ਪ੍ਰੋਗਰਾਮ ਕੱਲ੍ਹ 23 ਦਸੰਬਰ ਨੂੰ ਕਰਵਾਇਆ ਜਾ ਰਿਹਾ ਹੈ, ਜਿੱਥੇ ਲੁਧਿਆਣਾ, ਸੰਗਰੂਰ, ਬਰਨਾਲਾ ਤੇ ਮਲੇਰਕੋਟਲਾ ਆਦਿ ਜ਼ਿਲ੍ਹਿਆਂ ਨਾਲ ਸਬੰਧਤ ਪ੍ਰਵਾਸੀ ਪੰਜਾਬੀਆਂ ਦੇ ਮਾਮਲਿਆਂ ਦੀ ਸੁਣਵਾਈ ਕਰਕੇ ਉਨ੍ਹਾਂ ਦਾ ਹੱਲ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ 26 ਦਸੰਬਰ ਨੂੰ ਮੋਗਾ ਵਿਖੇ ਮੋਗਾ, ਫਿਰੋਜ਼ਪੁਰ, ਫਰੀਦਕੋਟ,



ਸ੍ਰੀ ਮੁਕਤਸਰ ਸਾਹਿਬ, ਫਾਜ਼ਿਲਕਾ, ਬਠਿੰਡਾ ਤੇ ਮਾਨਸਾ ਜਦਕਿ 30 ਦਸੰਬਰ ਨੂੰ ਅੰਮ੍ਰਿਤਸਰ ਵਿਖੇ ਅੰਮ੍ਰਿਤਸਰ, ਗੁਰਦਾਸਪੁਰ, ਪਠਾਨਕੋਟ ਅਤੇ ਤਰਨ ਤਾਰਨ ਜ਼ਿਲ੍ਹਿਆਂ ਨੂੰ ਮਿਲਣੀ ਸਮਾਗਮਾਂ ਤਹਿਤ ਕਵਰ ਕੀਤਾ ਜਾਵੇਗਾ, ਜਿਨ੍ਹਾਂ ਲਈ ਪ੍ਰਵਾਸੀ ਪੰਜਾਬੀ ਆਨਲਾਈਨ ਜਾਂ ਮੌਕੇ 'ਤੇ ਰਜਿਸਟਰੇਸ਼ਨ ਕਰਵਾ ਸਕਦੇ ਹਨ।

ਧਾਲੀਵਾਲ ਨੇ ਦੱਸਿਆ ਕਿ ਪ੍ਰਵਾਸੀ ਪੰਜਾਬੀਆਂ ਦੀਆਂ ਸਮਾਜਿਕ, ਆਰਥਿਕ ਅਤੇ ਸੱਭਿਆਚਾਰਕ ਮਾਮਲਿਆਂ ਨਾਲ ਜੁੜੀਆਂ ਸਾਰੀਆਂ ਸਮੱਸਿਆਵਾਂ ਦਾ ਮਿੱਥੇ ਸਮੇਂ ਵਿੱਚ ਨਿਪਟਾਰਾ ਕੀਤੇ ਜਾਣ ਲਈ ਪੰਜਾਬ ਸਰਕਾਰ ਵਿਸ਼ੇਸ਼ ਨੀਤੀ ਤਿਆਰ ਕਰ ਰਹੀ ਹੈ। ਉਨ੍ਹਾਂ ਦੱਸਿਆ ਕਿ ਐਨ.ਆਰ.ਆਈ. ਪੰਜਾਬੀਆਂ ਦੀਆਂ ਸਮੱਸਿਆਵਾਂ ਨੂੰ ਸੁਣਨ ਤੇ ਉਨ੍ਹਾਂ ਦੇ ਹੱਲ ਲਈ ਪੰਜਾਬ ਸਰਕਾਰ ਹਰ ਸਾਲ ਦਸੰਬਰ ਤੇ ਅਪ੍ਰੈਲ ਦੇ ਮਹੀਨੇ ਵਿੱਚ ਦੋ ਵਾਰ ਐਨ.ਆਰ.ਆਈ. ਮਿਲਣੀ ਸਮਾਗਮ ਕਰਵਾਏਗੀ।

ਧਾਲੀਵਾਲ ਨੇ ਅੱਗੇ ਦੱਸਿਆ ਕਿ ਕਿ ਪ੍ਰਵਾਸੀ ਪੰਜਾਬੀਆਂ ਨੂੰ ਸਰਕਾਰੀ ਦਫਤਰਾਂ, ਸਕੱਤਰੇਤਾਂ ਵਿੱਚ ਮੰਤਰੀਆਂ ਦੇ ਦਫ਼ਤਰਾਂ ਵਿੱਚ ਖੱਜਲ ਖੁਆਰ ਨਾ ਹੋਣਾ ਪਵੇ, ਇਸ ਲਈ ਸਰਕਾਰ ਨੇ ਫੈਸਲਾ ਕੀਤਾ ਕਿ ਸਰਕਾਰ ਖੁਦ ਪ੍ਰਵਾਸੀ ਪੰਜਾਬੀਆਂ ਦੇ ਜ਼ਿਲ੍ਹਿਆਂ ਵਿੱਚ ਜਾ ਕੇ ਉਨ੍ਹਾਂ ਦੇ ਮਸਲੇ ਹੱਲ ਕਰੇਗੀ। ਉਨ੍ਹਾਂ ਦੱਸਿਆ ਕਿ ਇਸ ਤਹਿਤ ਜ਼ਿਲ੍ਹਾ ਜਲੰਧਰ ਵਿੱਚ 16 ਦਸੰਬਰ ਨੂੰ ਕੀਤੇ ਗਏ ਪ੍ਰੋਗਰਾਮ ਵਿੱਚ 160 ਮਾਮਲੇ 19 ਦਸੰਬਰ ਨੂੰ ਐਸ.ਏ.ਐਸ. ਨਗਰ (ਮੁਹਾਲੀ) ਵਿਖੇ 74 ਤੋਂ ਵੱਧ ਮਾਮਲਿਆਂ ਦੀ ਸੁਣਵਾਈ ਕੀਤੀ ਗਈ।

## ਪੰਜਾਬ ਵਿਧਾਨ ਸਭਾ ਦੇ ਸਪੀਕਰ ਨਾਲ ਪੰਜਾਬ ਅਤੇ ਹਰਿਆਣਾ ਹਾਈਕੋਰਟ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਵੱਲੋਂ ਮੀਟਿੰਗ

ਚੰਡੀਗੜ੍ਹ, 22 ਦਸੰਬਰ (ਪੋਸਟ ਬਿਊਰੋ): ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੂੰ ਮਿਲਣ ਲਈ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਐਡਵੋਕੇਟ ਜੀ.ਬੀ.ਐਸ. ਢਿੱਲੋਂ, ਐਡੀਸ਼ਨਲ ਐਡਵੋਕੇਟ ਜਨਰਲ ਪੰਜਾਬ ਸੁਮਨਦੀਪ ਸਿੰਘ ਵਾਲੀਆ ਅਤੇ ਪਨਸੀਡ ਚੇਅਰਮੈਨ ਮਹਿੰਦਰ ਸਿੰਘ ਸਿੱਧੂ ਬੀਤੀ ਰਾਤ ਉਨ੍ਹਾਂ ਦੇ



ਸਥਾਨਿਕ ਘਰ ਪਹੁੰਚੇ।

ਵਿਧਾਨ ਸਭਾ ਦੇ ਇੱਕ ਬੁਲਾਰੇ ਅਨੁਸਾਰ ਇਹ ਉਨ੍ਹਾਂ ਦੀ ਇੱਕ ਸ਼ਿਸ਼ਟਾਚਾਰ ਮੀਟਿੰਗ ਸੀ। ਇਸ ਮੌਕੇ ਉਨ੍ਹਾਂ ਨੇ ਵੱਖ ਵੱਖ ਵਿਸ਼ਿਆਂ 'ਤੇ ਆਪਸੀ ਵਿਚਾਰ ਸਾਂਝੇ ਕੀਤੇ। ਇਸ ਦੌਰਾਨ ਸੰਧਵਾਂ ਨੇ ਢਿੱਲੋਂ ਨੂੰ ਬਾਰ ਐਸੋਸੀਏਸ਼ਨ ਦਾ ਪ੍ਰਧਾਨ ਬਣਨ 'ਤੇ ਮੁਬਾਰਕਬਾਦ ਦਿੱਤੀ ਅਤੇ ਲੋਕਾ ਦੀ ਸੇਵਾ ਕਰਨ ਲਈ ਹਰ ਸਮੇਂ ਤਤਪਰ ਰਹਿਣ ਲਈ ਪ੍ਰੇਰਿਤ ਕੀਤਾ।

## ਹਰਜੋਤ ਸਿੰਘ ਬੈਂਸ ਨੇ ਕਿਹਾ: ਪੰਜਾਬ ਦੇ 60 ਸਰਕਾਰੀ ਸਕੂਲਾਂ ਦੇ ਪ੍ਰਿੰਸੀਪਲ ਟ੍ਰੇਨਿੰਗ ਲਈ ਜਾਣਗੇ ਵਿਦੇਸ਼

ਹੁਸ਼ਿਆਰਪੁਰ, 22 ਦਸੰਬਰ (ਪੋਸਟ ਬਿਊਰੋ): ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਲੋਂ ਸੂਬੇ ਦੇ ਸਰਕਾਰੀ ਸਕੂਲਾਂ ਦੀ ਨੁਹਾਰ ਬਦਲਣ ਲਈ ਕ੍ਰਾਂਤੀਕਾਰੀ ਕਦਮ ਚੁੱਕੇ ਜਾ ਰਹੇ ਹਨ ਅਤੇ ਪੰਜਾਬ ਨੂੰ ਸਿੱਖਿਆ ਦੇ ਖੇਤਰ ਵਿਚ ਨੰਬਰ ਇਕ ਸੂਬਾ ਬਣਾਉਣ ਲਈ ਦਿਨ-ਰਾਤ ਮਿਹਨਤ ਕੀਤੀ ਜਾ ਰਹੀ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਦੇ ਸਰਕਾਰੀ ਸਕੂਲ ਜਲਦ ਹੀ ਅਤਿ-ਆਧੁਨਿਕ ਮਾਡਲ ਸਕੂਲਾਂ ਨੂੰ ਮਾਤ ਦੇਣਗੇ। ਉਹ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ, ਪੱਦੀ ਸੂਰਾ ਸਿੰਘ ਵਿਖੇ ਸਾਲਾਨਾ ਸਮਾਗਮ ਵਿਚ ਡਿਪਟੀ ਸਪੀਕਰ ਪੰਜਾਬ ਵਿਧਾਨ ਸਭਾ ਜੈ ਕ੍ਰਿਸ਼ਨ ਸਿੰਘ ਰੋੜੀ ਸਮੇਤ ਸ਼ਿਰਕਤ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਇਸ ਲੜੀ ਵਿਚ ਫਰਵਰੀ ਮਹੀਨੇ ਪੰਜਾਬ ਦੇ ਸਰਕਾਰੀ ਸਕੂਲਾਂ ਦੇ ਚੋਟੀ ਦੇ 60 ਪ੍ਰਿੰਸੀਪਲਾਂ () ਨੂੰ 30-30 ਦੇ ਦੋ ਬੈਚਾਂ ਵਿੱਚ ਸਿੰਗਾਪੁਰ ਦੇ 'ਨੈਸ਼ਨਲ ਇੰਸਟੀਚਿਊਟ ਆਫ਼ ਪ੍ਰਿੰਸੀਪਲ ਬਿਲਡਿੰਗ' ਵਿਖੇ ਟ੍ਰੇਨਿੰਗ ਲਈ ਭੇਜਿਆ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਤੋਂ ਬਾਅਦ ਵੀ ਸਰਬੋਤਮ ਪ੍ਰਿੰਸੀਪਲਾਂ ਨੂੰ ਫਿਨਲੈਂਡ, ਕੈਂਬ੍ਰਿਜ, ਕੈਨੇਡਾ, ਆਈ.ਆਈ.ਐਮ. ਅਹਿਮਦਾਬਾਦ ਆਦਿ ਵਿਖੇ ਟ੍ਰੇਨਿੰਗ ਲਈ ਭੇਜਿਆ ਜਾਵੇਗਾ। ਸਿੱਖਿਆ ਮੰਤਰੀ ਨੇ ਕਿਹਾ ਕਿ ਇਸੇ ਤਰ੍ਹਾਂ ਸਭ ਤੋਂ ਵੱਧ ਇਨਰੋਲਮੈਂਟ ਕਰਨ ਵਾਲੇ ਸਕੂਲ ਨੂੰ ਪੰਜਾਬ ਸਰਕਾਰ ਵਲੋਂ 25 ਲੱਖ ਰੁਪਏ ਦਾ ਇਨਾਮ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਵਿਚ ਬੁਨਿਆਦੀ ਢਾਂਚੇ ਨੂੰ ਬਿਹਤਰੀਨ ਕਰਨ ਤੋਂ ਇਲਾਵਾ ਇਨ੍ਹਾਂ ਨੂੰ ਕੈਂਪਸ ਮੈਨੇਜਰ, ਸਕਿਉਰਿਟੀ ਗਾਰਡ ਅਤੇ ਚੌਕੀਦਾਰ ਵੀ ਮੁਹੱਈਆ ਕਰਵਾਏ ਜਾਣਗੇ। ਇਸ ਤੋਂ ਇਲਾਵਾ 10 ਹਜ਼ਾਰ ਰੁਪਏ ਪ੍ਰਤੀ ਮਹੀਨਾ ਸਫ਼ਾਈ ਲਈ ਫੰਡ ਉਪਲਬੱਧ ਕਰਵਾਇਆ ਜਾਵੇਗਾ।

## ਸਰਗਮ ਸੋਸਾਇਟੀ ਅਤੇ ਆਰੀਅਨਜ਼ ਗਰੁੱਪ ਨੇ ਚੰਡੀਗੜ੍ਹ ਵਿੱਚ ਅਟਲ ਮੈਮੋਰੀਅਲ ਮਿਊਜ਼ੀਕਲ ਸਮਾਗਮ ਦਾ ਆਯੋਜਨ ਕੀਤਾ

ਚੰਡੀਗੜ੍ਹ, 22 ਦਸੰਬਰ (ਪੋਸਟ ਬਿਊਰੋ): ਭਾਰਤ ਰਤਨ ਅਟਲ ਬਿਹਾਰੀ ਵਾਜਪਾਈ ਦੇ ਜਨਮ ਦਿਨ 'ਤੇ ਸੰਗੀਤਕ ਸ਼ਰਧਾਂਜਲੀ ਦੇਣ ਲਈ, ਸਰਗਮ ਸੋਸਾਇਟੀ ਆਫ ਇੰਡੀਅਨ ਮਿਊਜ਼ਕਿ ਐਂਡ ਆਰਟ (ਰਜਿ.) ਅਤੇ ਆਰੀਅਨਜ਼ ਗਰੁੱਪ ਆਫ ਕਾਲਜਿਜ਼, ਰਾਜਪੁਰਾ, ਨੇੜੇ ਚੰਡੀਗੜ੍ਹ ਨੇ ਅੱਜ ਪੰਜਾਬ ਕਲਾ ਭਵਨ ਵਿੱਚ ਇੱਕ ਸੰਗੀਤਕ ਸਮਾਗਮ ਦਾ ਆਯੋਜਨ ਕੀਤਾ। ਤਿੰਨ ਗਾਇਕਾਂ ਨੇ ਅਟਲ ਜੀ ਦੀ ਯਾਦ ਵਿੱਚ ਕਵਿਤਾਵਾਂ ਸੁਣਾਈਆਂ ਅਤੇ ਮਸ਼ਹੂਰ ਗੀਤ ਸੁਣਾਏ। ਸਮਾਗਮ ਦੀ ਸ਼ੁਰੂਆਤ ਦੀਪ ਜਗਾਉਣ ਦੀ ਰਸਮ ਨਾਲ ਹੋਈ ਅਤੇ ਸਨਮਾਨ ਸਮਾਰੋਹ ਦੌਰਾਨ ਗਾਇਕਾਂ ਨੂੰ ਯਾਦਗਾਰੀ ਚਿੰਨ੍ਹ ਭੇਟ ਕੀਤੇ ਗਏ।

ਜਸਟਿਸ (ਸੇਵਾਮੁਕਤ) ਸ਼੍ਰੀ ਵਿਨੋਦ ਕੁਮਾਰ ਸ਼ਰਮਾ, ਲੋਕਪਾਲ ਪੰਜਾਬ ਬਤੌਰ ਮੁੱਖ ਮਹਿਮਾਨ ਸਨ। ਐਡਵੋਕੇਟ ਸੱਤਿਆ ਪਾਲ ਜੈਨ, ਵਧੀਕ ਸਾਲਿਸਟਰ ਜਨਰਲ, ਭਾਰਤ ਸਰਕਾਰ, ਸ਼੍ਰੀਮਤੀ ਸ਼ਸ਼ੀ ਪ੍ਰਭਾ, ਆਈ.ਪੀ.ਐਸ., ਏ.ਡੀ.ਜੀ.ਪੀ., ਪੰਜਾਬ ਅਤੇ ਸ਼੍ਰੀਮਾਨ ਐਸ.ਕੇ ਪਾਨੀਗ੍ਰਹੀ, ਫੀਲਡ ਜਨਰਲ ਮੈਨੇਜਰ, ਪੰਜਾਬ ਨੈਸ਼ਨਲ ਬੈਂਕ, ਵਿਸ਼ੇਸ਼ ਮਹਿਮਾਨ ਸਨ। ਡਾ: ਅੰਸ਼ੂ ਕਟਾਰੀਆ, ਪ੍ਰਧਾਨ, ਸਰਗਮ ਸੁਸਾਇਟੀ ਅਤੇ ਚੇਅਰਮੈਨ, ਆਰੀਅਨਜ਼ ਗਰੁੱਪ ਆਫ਼ ਕਾਲਜਿਜ਼, ਰਾਜਪੁਰਾ, ਨੇੜੇ ਚੰਡੀਗੜ੍ਹ ਨੇ ਸਮਾਗਮ ਦੀ ਪ੍ਰਧਾਨਗੀ ਕੀਤੀ।

ਜਸਟਿਸ (ਸੇਵਾਮੁਕਤ) ਵਿਨੋਦ ਕੁਮਾਰ ਸ਼ਰਮਾ, ਲੋਕਪਾਲ ਪੰਜਾਬ ਨੇ ਇਸ ਸੰਗੀਤਕ ਸਮਾਗਮ ਦੇ ਆਯੋਜਨ ਵਿੱਚ ਸਰਗਮ ਸੁਸਾਇਟੀ ਦੇ ਯਤਨਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਅਟਲ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਉਨ੍ਹਾਂ ਕਿਹਾ




ਕਿ ਅਟਲ ਬਿਹਾਰੀ ਵਾਜਪਾਈ ਦਾ ਨਾਮ 21ਵੀਂ ਸਦੀ ਦੇ ਭਾਰਤੀਆਂ ਲਈ ਬਹੁਤ ਸਾਰੀਆਂ ਭਾਵਨਾਵਾਂ ਰੱਖਦਾ ਹੈ । ਉਨ੍ਹਾਂ ਨੇ ਅੱਗੇ ਕਿਹਾ ਕਿ ਉਹ ਇੱਕ ਉੱਤਮ ਭਾਸ਼ਣਕਾਰ ਹੈ ਜੋ ਆਪਣੀਆਂ ਕਵਿਤਾਵਾਂ ਲਈ ਵੀ ਯਾਦ ਕੀਤਾ ਜਾਂਦਾ ਹੈ।

ਐਡਵੋਕੇਟ ਸਤਿਆ ਪਾਲ ਜੈਨ ਨੇ ਸਰਗਮ ਸੋਸਾਇਟੀ ਦੀ ਸਮੁੱਚੀ ਟੀਮ ਨੂੰ ਵਧਾਈ ਦਿੱਤੀ ਅਤੇ ਅਟਲ ਜੀ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ ਕਿਹਾ ਕਿ ਉਨ੍ਹਾਂ ਨੂੰ ਭਾਰਤੀ ਰਾਜਨੀਤੀ ਦੇ ਭਿਸ਼ਮ-ਪਿਤਾਮਹਾ ਵਜੋਂ ਜਾਣਿਆ ਜਾਂਦਾ ਹੈ। ਅਸੀਂ ਰਾਸ਼ਟਰ ਪ੍ਰਤੀ ਉਨ੍ਹਾਂ ਦੀ ਭਰਪੂਰ ਸੇਵਾ ਤੋਂ ਪ੍ਰੇਰਿਤ ਹਾਂ।

ਜੈਨ ਨੇ ਕਿਹਾ ਕਿ ਉਨ੍ਹਾਂ ਨੇ ਭਾਰਤ ਨੂੰ ਮਜ਼ਬੂਤ ਅਤੇ ਵਿਕਸਤ ਬਣਾਉਣ ਲਈ ਆਪਣਾ ਜੀਵਨ ਸਮਰਪਿਤ ਕਰ ਦਿੱਤਾ। ਸ਼ਸ਼ੀ ਪ੍ਰਭਾ, ਆਈ.ਪੀ.ਐਸ., ਏ.ਡੀ.ਜੀ.ਪੀ., ਪੰਜਾਬ ਨੇ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਅਟਲ ਜੀ ਭਾਰਤ ਦੇ ਸਭ ਤੋਂ ਉੱਚੇ ਨੇਤਾਵਾਂ ਵਿੱਚੋਂ ਇੱਕ ਸਨ। ਉਹ ਇੱਕ ਉੱਘੇ ਸੰਸਦ ਮੈਂਬਰ, ਯੋਗ ਪ੍ਰਸ਼ਾਸਕ, ਉੱਘੇ ਲੇਖਕ, ਮਨਮੋਹਕ ਭਾਸ਼ਣਕਾਰ ਅਤੇ ਸਭ ਤੋਂ ਵੱਧ ਇੱਕ ਮਹਾਨ ਇਨਸਾਨ ਸਨ।

ਡਾ: ਅੰਸ਼ੂ ਕਟਾਰੀਆ ਨੇ ਸਾਰਿਆਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਅਸੀਂ ਸਾਰੇ, ਸਰਗਮ ਸੋਸਾਇਟੀ ਟੀਮ ਅਤੇ ਆਰੀਅਨਜ਼ ਟੀਮ ਸਮੇਤ ਅਟਲ ਜੀ ਨੂੰ ਉਨ੍ਹਾਂ ਦੀ ਜਯੰਤੀ 'ਤੇ ਯਾਦ ਕਰ ਰਹੇ ਹਾਂ। ਅਸੀਂ ਰਾਸ਼ਟਰ ਪ੍ਰਤੀ ਉਨ੍ਹਾਂ ਦੀ ਭਰਪੂਰ ਸੇਵਾ ਤੋਂ ਪ੍ਰੇਰਿਤ ਹਾਂ। ਆਰ ਡੀ ਕੈਲੇ, ਚੇਅਰਮੈਨ, ਸਰਗਮ ਸੋਸਾਇਟੀ ਨੇ ਕਈ ਕਵਿਤਾਵਾਂ ਸੁਣਾਈਆਂ ਅਤੇ ਅਟਲ ਜੀ ਦੇ ਕਈ ਮਸ਼ਹੂਰ ਹਵਾਲਿਆਂ ਨੂੰ ਉਜਾਗਰ ਕੀਤਾ। ਉਨ੍ਹਾਂ ਨੇ ਕਈ ਗੀਤ ਵੀ ਗਾਏ ਅਤੇ ਸਮਾਗਮ ਦਾ ਜਾਦੂ ਬੰਨ੍ਹਿਆ। ਇਸ ਮੌਕੇ ਕਵੀਸ਼ ਕੈਲੇ, ਜਨਰਲ ਸਕੱਤਰ, ਮਹਿੰਦਰਪਾਲ ਗੁਪਤਾ, ਪ੍ਰੋਗਰਾਮ ਸਲਾਹਕਾਰ, ਸਰਗਮ ਸੋਸਾਇਟੀ ਅਤੇ ਹੋਰ ਅਹੁਦੇਦਾਰਾਂ ਤੋਂ ਇਲਾਵਾ ਕਈ ਪਤਵੰਤੇ ਸੱਜਣ ਹਾਜ਼ਰ ਸਨ।






# ਚੀਨ-ਅਮਰੀਕਾ 'ਚ ਵਧਦੇ ਕੋਰੋਨਾ ਮਾਮਲਿਆਂ ਤੋਂ ਬਾਅਦ ਕੇਂਦਰ ਸਾਵਧਾਨ, ਜੀਨੋਮ ਸੀਕਵੈਂਸਿੰਗ ਲਈ ਸੂਬਿਆਂ ਨੂੰ ਦਿੱਤੇ ਨਿਰਦੇਸ਼

ਨਵੀਂ ਦਿੱਲੀ, 22 ਦਸੰਬਰ (ਪੋਸਟ ਬਿਊਰੋ) – ਚੀਨ ਅਤੇ ਅਮਰੀਕਾ ਸਮੇਤ ਦੁਨੀਆ ਦੇ ਕਈ ਦੇਸ਼ਾਂ 'ਚ ਕੋਰੋਨਾ ਵਾਇਰਸ ਦੇ ਮਾਮਲਿਆਂ 'ਚ ਅਚਾਨਕ ਵਾਧੇ ਕਾਰਨ ਕੇਂਦਰ ਸਰਕਾਰ ਚੌਕਸ ਹੋ ਗਈ ਹੈ। ਸਰਕਾਰ ਨੇ ਸਾਰੇ ਰਾਜਾਂ ਨੂੰ ਪੱਤਰ ਲਿਖ ਕੇ ਕੋਵਿਡ ਦੇ ਨਵੇਂ ਕੇਸਾਂ ਦੀ ਜੀਨੋਮ ਸੀਕਵੈਂਸਿੰਗ ਕਰਨ ਲਈ ਕਿਹਾ ਹੈ। ਸਿਹਤ ਸਕੱਤਰ ਰਾਜੇਸ਼ ਭੂਸ਼ਣ ਦੀ ਤਰਫੋਂ ਛਧਛ ਅਤੇ ਙਿ੍ਹ ਨੂੰ ਪੱਤਰ ਲਿਖਿਆ ਗਿਆ ਹੈ। ਇਸ ਵਿਚ ਕਿਹਾ ਗਿਆ ਹੈ ਕਿ ਸਾਰੇ ਰਾਜਾਂ ਨੂੰ ਜੀਨੋਮ ਸੀਕਵੈਂਸਿੰਗ 'ਤੇ ਜ਼ੋਰ ਦੇਣਾ ਹੋਵੇਗਾ। ਫਿਲਹਾਲ ਦੇਸ਼ 'ਚ ਕੋਰੋਨਾ ਦੇ ਜ਼ਿਆਦਾ ਮਾਮਲੇ ਨਹੀਂ ਹਨ, ਮੌਤਾਂ 'ਚ ਵੀ ਕਾਫੀ ਕਮੀ ਆਈ ਹੈ। ਪਰ ਕਿਉਂਕਿ ਇਹ ਵਾਇਰਸ ਪੂਰੀ ਦੁਨੀਆ ਵਿੱਚ ਫਿਰ ਤੋਂ ਫੈਲ ਰਿਹਾ ਹੈ, ਅਜਿਹੇ ਵਿੱਚ ਸਰਕਾਰ ਵੀ ਲਾਪਰਵਾਹੀ ਨਹੀਂ ਵਰਤਣਾ ਚਾਹੁੰਦੀ। ਕੇਂਦਰ ਸਰਕਾਰ ਨੇ ਬੁੱਧਵਾਰ ਨੂੰ ਕੋਰੋਨਾ ਦੇ ਮਾਮਲਿਆਂ ਨੂੰ ਲੈ ਕੇ ਸਮੀਖਿਆ ਮੀਟਿੰਗ ਵੀ ਬੁਲਾਈ ਹੈ।

ਸਿਹਤ ਸਕੱਤਰ ਰਾਜੇਸ਼ ਭੂਸ਼ਣ ਦੀ ਤਰਫੋਂ ਛਧਛ ਅਤੇ ਙਿ੍ਹ ਨੂੰ ਪੱਤਰ ਲਿਖਿਆ ਗਿਆ ਹੈ। ਉਨ੍ਹਾਂ ਕਿਹਾ ਹੈ ਕਿ ਜੇਕਰ ਕੋਰੋਨਾ ਦੇ ਨਵੇਂ ਰੂਪਾਂ ਦੀ ਸਮੇਂ



ਸਿਰ ਪਛਾਣ ਕਰਨੀ ਹੈ ਤਾਂ ਇਸ ਦੇ ਲਈ ਜੀਨੋਮ ਸੀਕਵੈਂਸਿੰਗ ਜ਼ਰੂਰੀ ਹੈ। ਰਾਜਾਂ ਨੂੰ ਜੀਨੋਮ ਸੀਕਵੈਂਸਿੰਗ ਲਈ ਨਮੂਨੇ ਭੇਜਣ ਦੇ ਵੀ ਨਿਰਦੇਸ਼ ਦਿੱਤੇ ਗਏ ਹਨ।

ਦੁਨੀਆ ਦੇ ਕਈ ਵੱਡੇ ਦੇਸ਼ਾਂ 'ਚ ਕੋਰੋਨਾ ਦੇ ਮਾਮਲੇ ਅਚਾਨਕ ਵਧ ਗਏ ਹਨ। ਖਾਸ ਤੌਰ 'ਤੇ ਅਮਰੀਕਾ, ਬ੍ਰਾਜ਼ੀਲ, ਚੀਨ, ਕੋਰੀਆ ਅਤੇ ਜਾਪਾਨ ਵਿਚ ਕੋਰੋਨਾ ਦੇ ਮਾਮਲਿਆਂ ਵਿਚ ਅਚਾਨਕ ਵਾਧਾ ਦੇਖਿਆ ਜਾ ਰਿਹਾ ਹੈ। ਇਸ ਕਾਰਨ ਕੇਂਦਰ ਸਰਕਾਰ ਅਲਰਟ ਮੋਡ 'ਤੇ ਆ ਗਈ ਹੈ। ਸਰਕਾਰ ਨੇ ਸਾਰੇ ਰਾਜਾਂ ਨੂੰ ਚੌਕਸ ਰਹਿਣ ਲਈ ਕਿਹਾ ਹੈ। ਕੇਂਦਰ ਸਰਕਾਰ ਨੂੰ ਸ਼ੱਕ ਹੈ ਕਿ ਕੋਰੋਨਾ ਦਾ ਨਵਾਂ ਰੂਪ ਸਾਹਮਣੇ ਆਇਆ ਹੈ, ਜਿਸ ਕਾਰਨ ਆਉਣ ਵਾਲੇ ਦਿਨਾਂ ਵਿੱਚ ਮਾਮਲਿਆਂ ਵਿੱਚ ਅਚਾਨਕ ਵਾਧਾ ਹੋ ਸਕਦਾ ਹੈ। ਕੇਂਦਰ ਨੇ ਰਾਜ ਸਰਕਾਰਾਂ ਨੂੰ ਕਿਹਾ ਕਿ ਜਿਸ ਤਰ੍ਹਾਂ ਦੁਨੀਆ ਦੇ ਕਈ ਦੇਸ਼ਾਂ 'ਚ ਕੋਰੋਨਾ ਦੇ ਮਾਮਲੇ ਵਧ ਰਹੇ ਹਨ, ਉਸ ਤੋਂ ਇਹ ਸਮਝਿਆ ਜਾ ਸਕਦਾ ਹੈ ਕਿ ਕੋਰੋਨਾ ਅਜੇ ਖਤਮ ਨਹੀਂ ਹੋਇਆ ਹੈ। ਅਜਿਹੇ 'ਚ ਕੋਰੋਨਾ ਦੇ ਰੁਝਾਨ 'ਤੇ ਨਜ਼ਰ ਰੱਖਣੀ ਜ਼ਰੂਰੀ ਹੈ।

# ਗ੍ਰੇਟਰ ਨੋਇਡਾ ਵਿਚ ਐਮਿਟੀ ਯੂਨੀਵਰਸਿਟੀ ਦੇ ਲਾਪਤਾ ਵਿਦਿਆਰਥੀ ਦੀ ਲਾਸ਼ ਨਾਲੇ 'ਚੋਂ ਮਿਲੀ

ਗ੍ਰੇਟਰ ਨੋਇਡਾ, 22 ਦਸੰਬਰ (ਪੋਸਟ ਬਿਊਰੋ) – ਗ੍ਰੇਟਰ ਨੋਇਡਾ ਦੀ ਐਮਿਟੀ ਯੂਨੀਵਰਸਿਟੀ ਦੇ ਇੱਕ 19 ਸਾਲਾ ਵਿਦਿਆਰਥੀ ਦੀ ਲਾਸ ਰਾਬੂਪੁਰਾ ਥਾਣਾ ਖੇਤਰ ਵਿੱਚ ਇੱਕ ਨਾਲੇ ਵਿੱਚ ਪਈ ਮਿਲੀ। ਵਿਦਿਆਰਥੀ 19 ਦਸੰਬਰ ਨੂੰ ਸਾਮ 6 ਵਜੇ ਦੇ ਕਰੀਬ ਯੂਨੀਵਰਸਿਟੀ ਤੋਂ ਘਰ ਲਈ ਰਵਾਨਾ ਹੋਇਆ ਸੀ। ਪਰ ਘਰ ਨਹੀਂ ਪਹੁੰਚਿਆ। ਇਸ ਤੋਂ ਬਾਅਦ ਰਿਸਤੇਦਾਰਾਂ ਨੇ ਉਸ ਦੇ ਲਾਪਤਾ ਹੋਣ ਦੀ ਸੂਚਨਾ ਪੁਲਸ ਨੂੰ ਦਿੱਤੀ। ਪੁਲਿਸ ਟੀਮਾਂ ਵਿਦਿਆਰਥੀ ਦੀ ਭਾਲ ਕਰ ਰਹੀਆਂ ਸਨ, ਇਸ ਦੌਰਾਨ ਵਿਦਿਆਰਥੀ ਦਾ ਬੈਗ ਨਾਲੇ ਵਿੱਚ ਤੈਰਦਾ ਦੇਖਿਆ ਗਿਆ। ਇਸ ਤੋਂ ਬਾਅਦ ਦੀ ਟੀਮ ਨੇ ਨਾਲੇ 'ਚ ਉਤਰ ਕੇ ਵਿਦਿਆਰਥੀ ਦੀ ਲਾਸ ਨੂੰ ਬਾਹਰ ਕੱਢਿਆ। ਪੁਲਸ ਨੇ ਲਾਸ ਦੀ ਪਛਾਣ ਕਰਨ ਤੋਂ ਬਾਅਦ ਪੋਸਟਮਾਰਟਮ ਲਈ ਭੇਜ ਦਿੱਤੀ ਹੈ।

19 ਸਾਲਾ ਵਿਦਿਆਰਥੀ ਦੀਪਰਾਜ ਦੇ ਪਿਤਾ ਰਾਜਬਹਾਦੁਰ ਪੇਸ਼ੇ ਤੋਂ ਵਕੀਲ ਹਨ। ਰਬੂਪੁਰਾ ਥਾਣੇ ਵਿੱਚ ਗੁੰਮਸ਼ੁਦਗੀ ਦੀ ਸੂਚਨਾ ਦਿੱਤੇ ਜਾਣ ਤੋਂ ਬਾਅਦ ਸਰਵੀਲੈਂਸ ਟੀਮ ਦੇ ਨਾਲ ਚਾਰ ਟੀਮਾਂ ਦਾ ਗਠਨ ਕੀਤਾ ਗਿਆ। ਪੁਲਿਸ ਨੇ ਯੂਨੀਵਰਸਿਟੀ ਤੋਂ ਬਾਹਰ ਨਿਕਲਦੇ ਸਮੇਂ ਫੁਟੇਜ ਅਤੇ ਅਹਿਮ ਜਾਣਕਾਰੀ ਇਕੱਠੀ ਕੀਤੀ। ਦੀਪਰਾਜ ਭੈਣ ਦੇ ਫੋਨ ਤੋਂ ਮਿਲੀ ਜਾਣਕਾਰੀ ਅਨੁਸਾਰ ਉਸ ਨੇ ਪਰੀ ਚੌਕ ਤੋਂ ਬੱਸ ਵਿਚ ਚੜ੍ਹਦੇ ਸਮੇਂ ਆਪਣੀ ਭੈਣ ਨੂੰ ਮੈਸੇਜ ਕੀਤਾ ਸੀ।

ਇਸ ਦੇ ਆਧਾਰ 'ਤੇ ਪੁਲਸ ਨੇ ਪੂਰੇ ਇਲਾਕੇ ਦੀ ਤਲਾਸੀ ਸੁਰੂ ਕਰ ਦਿੱਤੀ ਹੈ। ਇਸ ਦੌਰਾਨ ਦੀਪਰਾਜ ਦਾ ਤੈਰਦਾ ਹੋਇਆ ਬੈਗ ਯਮੁਨਾ ਐਕਸਪ੍ਰੈਸ ਵੇਅ ਦੇ ਨਾਲ ਇੱਕ ਡੂੰਘੇ ਨਾਲੇ ਵਿੱਚ ਮਿਲਿਆ। ਡਰੇਨ ਵਿੱਚ ਪਾਣੀ ਭਰ ਜਾਣ ਕਾਰਨ ਇਸ ਵਿੱਚ ਜਾਣਾ ਮੁਸਕਲ ਹੋ ਗਿਆ। ਪੁਲੀਸ ਟੀਮ ਨੇ ਪਾਣੀ ਕੱਢਿਆ। ਇਸ ਤੋਂ ਬਾਅਦ ਐਨਡੀਆਰਐਫ ਦੀ ਟੀਮ ਅਤੇ ਡੌਗ ਸਕੁਐਡ ਨੇ ਦੀਪਰਾਜ ਦੀ ਭਾਲ ਸੁਰੂ ਕਰ ਦਿੱਤੀ। ਨਾਲੇ 'ਚੋਂ ਮਿਲੀ ਵਿਦਿਆਰਥੀ ਦੀ ਲਾਸ ਦੇ ਹੱਥ 'ਚ ਉਸ ਦਾ ਫੋਨ ਵੀ ਸੀ। ਅਧਿਕਾਰੀਆਂ ਦਾ ਮੰਨਣਾ ਹੈ ਕਿ ਇਹ ਹਾਦਸਾ ਵੀ ਹੋ ਸਕਦਾ ਹੈ। ਪਰ ਪੁਲਿਸ ਮਾਮਲੇ ਦੀ ਸਾਰੇ ਪਹਿਲੂਆਂ 'ਤੇ ਜਾਂਚ ਕਰ ਰਹੀ ਹੈ।

# ਇੰਡੀਗੋ ਦੇ ਕਰੂ ਮੈਂਬਰ ਅਤੇ ਯਾਤਰੀ ਵਿਚਾਲੇ ਬਹਿਸ, ਜਾਂਚ ਸੁਰੂ

ਨਵੀਂ ਦਿੱਲੀ, 22 ਦਸੰਬਰ (ਪੋਸਟ ਬਿਊਰੋ) – ਇਕ ਇੰਡੀਗੋ ਫਲਾਈਟ ਦੇ ਕਰੂ ਮੈਂਬਰ ਅਤੇ ਉਸ ਫਲਾਈਟ 'ਚ ਸਫਰ ਕਰ ਰਹੇ ਯਾਤਰੀ ਵਿਚਾਲੇ ਕਿਸੇ ਗੱਲ ਨੂੰ ਲੈ ਕੇ ਬਹਿਸ ਹੋ ਗਈ। ਜਿਸ ਦੀ ਵੀਡੀਓ ਇੰਟਰਨੈੱਟ 'ਤੇ ਵਾਇਰਲ ਹੋ ਗਈ। ਇਸਤਾਂਬੁਲ ਤੋਂ ਦਿੱਲੀ ਜਾ ਰਹੀ ਇੰਡੀਗੋ ਦੀ ਫਲਾਈਟ 'ਚ ਚਾਲਕ ਦਲ ਦੇ ਮੈਂਬਰ ਅਤੇ ਯਾਤਰੀ ਵਿਚਾਲੇ ਝਗੜਾ ਹੋ ਗਿਆ। ਇਸ ਬਹਿਸ ਦੀ ਇਕ ਵੀਡੀਓ ਵੀ ਉਸੇ ਫਲਾਈਟ 'ਚ ਸਫਰ ਕਰ ਰਹੇ ਇਕ ਹੋਰ ਯਾਤਰੀ ਨੇ ਬਣਾਈ ਸੀ, ਜਿਸ ਨੂੰ ਬਾਅਦ 'ਚ ਉਸ ਨੇ ਟਵਿੱਟਰ 'ਤੇ ਪੋਸਟ ਕੀਤਾ ਸੀ। ਇਸ ਘਟਨਾ 'ਤੇ ਪ੍ਰਤੀਕਿਰਿਆ ਦਿੰਦੇ ਹੋਏ ਇੰਡੀਗੋ ਨੇ ਕਿਹਾ ਕਿ ਜਿਸ ਯਾਤਰੀ ਨਾਲ ਕਰੂ ਮੈਂਬਰ ਦੀ ਬਹਿਸ ਹੋਈ ਸੀ, ਉਸ ਨੇ ਫਲਾਈਟ 'ਚ ਸਵਾਰ ਹੋਣ ਸਮੇਂ ਦੁਰਵਿਵਹਾਰ ਕੀਤਾ ਅਤੇ ਬਾਅਦ 'ਚ



ਏਅਰਹੋਸਟੈੱਸ ਨਾਲ ਦੁਰਵਿਵਹਾਰ ਕੀਤਾ। ਕਿਉਂਕਿ ਚਾਲਕ ਦਲ ਦਾ ਮੈਂਬਰ ਜਿਸ ਨਾਲ ਯਾਤਰੀ ਦੀ ਬਹਿਸ ਹੋ ਰਹੀ ਸੀ, ਉਹ ਟੀਮ ਦਾ ਆਗੂ ਸੀ, ਇਸ ਲਈ ਉਸ ਨੂੰ ਮਾਮਲੇ ਵਿੱਚ ਦਖਲ ਦੇਣਾ ਪਿਆ। ਏਅਰਲਾਈਨ ਨੇ ਇਕ ਹੋਰ ਬਿਆਨ ਜਾਰੀ ਕਰਕੇ ਕਿਹਾ ਹੈ ਕਿ ਅਸੀਂ ਪੂਰੇ ਮਾਮਲੇ ਦੀ ਜਾਂਚ ਕਰ ਰਹੇ ਹਾਂ। ਸਾਡੇ ਲਈ, ਸਾਡੇ "ਗਾਹਕ" ਦੀ ਸਹੂਲਤ ਸਾਡੀ ਤਰਜੀਹ ਹੈ।

ਦੱਸ ਦੇਈਏ ਕਿ ਜਹਾਜ ਵਿੱਚ ਦੁਰਵਿਵਹਾਰ ਦਾ ਇਹ ਕੋਈ ਪਹਿਲਾ ਵੀਡੀਓ ਨਹੀਂ ਹੈ। ਇਸ ਤੋਂ ਪਹਿਲਾਂ, ਇੰਡੀਗੋ ਦੇ ਇੱਕ ਪਾਇਲਟ ਨੂੰ ਇੱਕ ਮਹਿਲਾ ਯਾਤਰੀ ਨਾਲ ਦੁਰਵਿਵਹਾਰ ਕਰਨ ਲਈ ਡਾਇਰੈਕਟੋਰੇਟ ਜਨਰਲ ਆਫ ਸਿਵਲ ਐਵੀਏਸਨ (ਡੀਜੀਸੀਏ) ਨੇ ਤਿੰਨ ਮਹੀਨਿਆਂ ਲਈ ਮੁਅੱਤਲ ਕਰ ਦਿੱਤਾ ਸੀ। ਪਾਇਲਟ ਨੇ ਮਹਿਲਾ ਯਾਤਰੀ ਨੂੰ ਆਪਣੀ ਬੀਮਾਰ ਮਾਂ ਲਈ ਵ੍ਹੀਲ ਚੇਅਰ ਮੰਗਣ 'ਤੇ ਜੇਲ੍ਹ ਭੇਜਣ ਦੀ ਧਮਕੀ ਦਿੱਤੀ ਸੀ। ਹਾਲਾਂਕਿ ਘਟਨਾ ਦੇ ਤੁਰੰਤ ਬਾਅਦ ਏਅਰਲਾਈਨਜ ਨੇ ਪਾਇਲਟ ਨੂੰ ਡਿਊਟੀ ਤੋਂ ਹਟਾ ਦਿੱਤਾ। ਹੁਣ ਡੀਜੀਜੀਏ ਨੇ ਪਾਇਲਟ 'ਤੇ ਕਾਰਵਾਈ ਕੀਤੀ ਹੈ। ਦੱਸ ਦੇਈਏ ਕਿ ਮਾਮਲਾ ਚੇਨਈ ਤੋਂ ਬੈਂਗਲੁਰੂ ਜਾਣ ਵਾਲੀ ਫਲਾਈਟ ਦਾ ਸੀ।

# ਮਣੀਪੁਰ 'ਚ ਸਕੂਲੀ ਬੱਸ ਪਲਟਣ ਕਾਰਦ 9 ਬੱਚਿਆਂ ਦੀ ਮੌਤ, 20 ਤੋਂ ਵੱਧ ਜ਼ਖਮੀ

ਇੰਫਾਲ, 22 ਦਸੰਬਰ (ਪੋਸਟ ਬਿਊਰੋ) – ਮਨੀਪੁਰ ਦੇ ਨੋਨੀ ਜ਼ਿਲੇ ਵਿੱਚ ਬੁੱਧਵਾਰ ਨੂੰ ਇੱਕ ਸਕੂਲ ਬੱਸ ਪਲਟਣ ਕਾਰਨ 9 ਵਿਦਿਆਰਥੀਆਂ ਦੀ ਮੌਤ ਹੋ ਗਈ। ਇਸ ਦੇ ਨਾਲ ਹੀ 20 ਹੋਰ ਜਖਮੀ ਹੋ ਗਏ, ਜਿਨ੍ਹਾਂ ਵਿਚੋਂ ਕਈਆਂ ਦੀ ਹਾਲਤ ਗੰਭੀਰ ਬਣੀ ਹੋਈ ਹੈ। ਵਿਦਿਆਰਥੀਆਂ ਨੂੰ ਲੈ ਕੇ ਜਾ ਰਹੀ ਬੱਸ ਪਹਾੜੀ ਜ਼ਿਲੇ ਦੇ ਲੋਂਗਸਾਈ ਇਲਾਕੇ ਦੇ ਕੋਲ ਪੁਰਾਣੀ ਕਛਰ ਰੋਡ 'ਤੇ ਇਕ ਮੋੜ 'ਤੇ ਅਚਾਨਕ ਪਲਟ ਗਈ, ਜਿਸ ਕਾਰਨ 5 ਵਿਦਿਆਰਥੀਆਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਜਖਮੀਆਂ ਨੂੰ ਵੱਖ-ਵੱਖ ਹਸਪਤਾਲਾਂ ਵਿੱਚ ਦਾਖਲ ਕਰਵਾਇਆ ਗਿਆ,



ਜਿੱਥੇ ਦੋ ਹੋਰ ਵਿਦਿਆਰਥੀਆਂ ਨੇ ਦਮ ਤੋੜ ਦਿੱਤਾ।

ਅਧਿਕਾਰੀਆਂ ਨੇ ਦੱਸਿਆ ਕਿ ਮਰਨ ਵਾਲਿਆਂ ਦੀ ਗਿਣਤੀ ਵਧਣ ਦੀ ਸੰਭਾਵਨਾ ਹੈ ਕਿਉਂਕਿ ਕਈ ਵਿਦਿਆਰਥੀਆਂ ਦੀ ਹਾਲਤ ਨਾਜ਼ੁਕ ਦੱਸੀ ਜਾ ਰਹੀ ਹੈ। ਹਾਦਸੇ ਵਾਲੀ ਥਾਂ ਰਾਜ ਦੀ ਰਾਜਧਾਨੀ ਇੰਫਾਲ ਤੋਂ ਕਰੀਬ 55 ਕਿਲੋਮੀਟਰ ਦੂਰ ਹੈ। ਪੁਲਸ ਸੂਤਰਾਂ ਨੇ ਦੱਸਿਆ ਕਿ ਥੰਬਲਾਨੂ ਹਾਇਰ ਸੈਕੰਡਰੀ ਸਕੂਲ ਦੇ ਵਿਦਿਆਰਥੀ ਦੋ ਬੱਸਾਂ 'ਚ ਨੋਨੀ ਜਿਲੇ ਦੇ ਖੂਪੁਮ ਲਈ ਸਾਲਾਨਾ ਸਕੂਲ ਸਟੱਡੀ ਟੂਰ 'ਤੇ ਸਨ।

# ਸੀਆਈਐਸਐਫ ਨੇ ਨਵੀਂ ਦਿੱਲੀ ਹਵਾਈ ਅੱਡੇ 'ਤੇ 16 ਲੱਖ ਦੀ ਵਿਦੇਸ਼ੀ ਕਰੰਸੀ ਫੜ੍ਹੀ, ਇਕ ਕਾਬੂ

ਨਵੀਂ ਦਿੱਲੀ, 22 ਦਸੰਬਰ (ਪੋਸਟ ਬਿਊਰੋ) – ਨਵੀਂ ਦਿੱਲੀ ਦੇ ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ 16 ਲੱਖ ਰੁਪਏ ਦੀ ਵਿਦੇਸ਼ੀ ਕਰੰਸੀ ਸਮੇਤ ਇਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਉਸ ਨੇ ਆਪਣੇ ਬੈਗ ਵਿੱਚ 73 ਹਜਾਰ ਸਾਊਦੀ ਰਿਆਲ ਛੁਪਾਏ ਹੋਏ ਸਨ। ਸੀਆਈਐਸਐਫ ਦੇ ਜਵਾਨਾਂ ਨੇ ਸ਼ੱਕ ਦੇ ਆਧਾਰ 'ਤੇ ਦਿੱਲੀ ਤੋਂ ਦੁਬਈ ਜਾ ਰਹੇ ਇਸ ਵਿਅਕਤੀ ਨੂੰ ਰੋਕ ਕੇ ਤਲਾਸ਼ੀ ਲਈ। ਜਿਸ ਤੋਂ ਬਾਅਦ ਉਸ ਕੋਲੋਂ ਇਹ ਰੁਪਏ ਬਰਾਮਦ ਕੀਤੇ ਗਏ। ਯਾਤਰੀ ਦੀ ਪਛਾਣ ਭਾਰਤ ਦੇ ਸ਼ੇਖ ਪੱਪੂ ਖਾਨ ਵਜੋਂ ਹੋਈ ਹੈ। ਜਿਨ੍ਹਾਂ ਨੇ ਸਪਾਈਸ ਜੈੱਟ ਦੀ ਫਲਾਈਟ ਰਾਹੀਂ ਦਿੱਲੀ ਤੋਂ ਦੁਬਈ ਜਾਣਾ ਸੀ।

ਦੱਸਿਆ ਜਾਂਦਾ ਹੈ ਕਿ ਹਵਾਈ ਅੱਡੇ ਦੇ ਟਰਮੀਨਲ-3 'ਤੇ ਸੀਆਈਐਸਐਫ ਦੇ ਨਿਗਰਾਨੀ ਅਤੇ



ਖੁਫੀਆ ਸਟਾਫ ਨੇ ਚੈੱਕ-ਇਨ ਦੌਰਾਨ ਇਕ ਯਾਤਰੀ ਦੀਆਂ ਸ਼ੱਕੀ ਗਤੀਵਿਧੀਆਂ ਨੂੰ ਦੇਖਿਆ। ਸ਼ੱਕ ਪੈਣ 'ਤੇ ਉਸ ਦੇ ਸਾਮਾਨ ਦੀ ਬਾਰੀਕੀ ਨਾਲ ਜਾਂਚ ਕਰਨ 'ਤੇ 16 ਲੱਖ ਰੁਪਏ ਦੀ ਕੀਮਤ ਦੇ 73 ਹਜਾਰ ਸਾਊਦੀ ਰਿਆਲ ਮਿਲੇ, ਜੋ ਉਸ ਨੇ ਇਕ ਬੈਗ 'ਚ ਛੁਪਾਏ ਹੋਏ ਸਨ।

ਪੁੱਛ-ਪੜਤਾਲ ਕਰਨ 'ਤੇ ਉਹ ਇੰਨੀ ਵੱਡੀ ਮਾਤਰਾ 'ਚ ਵਿਦੇਸ਼ੀ ਕਰੰਸੀ ਲਿਜਾਣ ਲਈ ਜਾਇਜ਼ ਦਸਤਾਵੇਜ਼ ਪੇਸ਼ ਨਹੀਂ ਕਰ ਸਕਿਆ। ਮਾਮਲੇ ਦੀ ਅਗਲੀ ਕਾਰਵਾਈ ਲਈ ਪੈਸੇ ਸਮੇਤ ਯਾਤਰੀ ਨੂੰ ਕਸਟਮ ਅਧਿਕਾਰੀਆਂ ਦੇ ਹਵਾਲੇ ਕਰ ਦਿੱਤਾ ਗਿਆ ਹੈ।




FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017




# ਚੀਨ 'ਚ ਫਿਰ ਤੋਂ ਡਰਾਉਣ ਲੱਗਾ ਕੋਰੋਨਾ ਵਾਇਰਸ, 10 ਲੱਖ ਤੋਂ ਵੱਧ ਲੋਕਾਂ ਦੀ ਹੋ ਸਕਦੀ ਹੈ ਮੌਤ



ਬੀਜਿੰਗ, 22 ਦਸੰਬਰ (ਪੋਸਟ ਬਿਊਰੋ) - ਚੀਨ ਵਿੱਚ ਕੋਰੋਨਾ ਵਾਇਰਸ ਦੇ ਮਾਮਲਿਆਂ ਨੇ ਇੱਕ ਵਾਰ ਫਿਰ ਤੋਂ ਚੀਨ ਨੂੰ ਡਰਾਉਣਾ ਸੁਰੂ ਕਰ ਦਿੱਤਾ ਹੈ। ਇੱਕ ਚੋਟੀ ਦੇ ਚੀਨੀ ਸਿਹਤ ਅਧਿਕਾਰੀ ਦੇ ਅਨੁਸਾਰ, ਚੀਨ ਇਸ ਸਰਦੀਆਂ ਵਿੱਚ ਕੋਵਿਡ ਸੰਕਰਮਣ ਦੀਆਂ ਤਿੰਨ ਸੰਭਾਵਿਤ ਲਹਿਰਾਂ ਵਿੱਚੋਂ ਪਹਿਲੀ ਦਾ ਸਾਹਮਣਾ ਕਰ ਰਿਹਾ ਹੈ। ਇਸ ਮਹੀਨੇ ਦੇ ਸੁਰੂ ਵਿਚ ਸਭ ਤੋਂ ਗੰਭੀਰ ਪਾਬੰਦੀਆਂ (ਕੋਵਿਡ ਬੈਨ) ਨੂੰ ਹਟਾਉਣ ਤੋਂ ਬਾਅਦ, ਦੇਸ ਵਿਚ ਕੋਵਿਡ ਦੇ ਮਾਮਲਿਆਂ ਵਿੱਚ ਵਾਧਾ ਦੇਖਿਆ ਜਾ ਰਿਹਾ ਹੈ। ਕੋਵਿਡ ਟੈਸਟਾਂ ਵਿੱਚ ਕਮੀ ਕਾਰਨ ਕੇਸਾਂ ਵਿੱਚ ਵਾਧਾ ਹੋਇਆ ਹੈ। ਰਿਪੋਰਟ ਮੁਤਾਬਕ ਚੀਨ 'ਚ ਅਗਲੇ ਕੁਝ ਮਹੀਨਿਆਂ 'ਚ 80 ਕਰੋੜ ਲੋਕ ਕੋਰੋਨਾ ਸੰਕਰਮਿਤ ਹੋ ਸਕਦੇ ਹਨ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ 2023 ਵਿੱਚ ਚੀਨ ਵਿੱਚ ਕੋਵਿਡ ਦੇ ਮਾਮਲਿਆਂ ਵਿੱਚ ਭਾਰੀ ਵਾਧੇ ਕਾਰਨ 10 ਲੱਖ ਤੋਂ ਵੱਧ ਲੋਕਾਂ ਦੀ ਮੌਤ ਹੋ ਸਕਦੀ ਹੈ।

ਮਹਾਂਮਾਰੀ ਵਿਗਿਆਨੀ ਵੂ ਜੁਨਯਾਓ ਨੇ ਕਿਹਾ ਹੈ ਕਿ ਉਨ੍ਹਾਂ ਦਾ ਮੰਨਣਾ ਹੈ ਕਿ ਕੋਰੋਨਾ ਸੰਕਰਮਣ ਵਿੱਚ ਮੌਜੂਦਾ ਵਾਧਾ ਮੱਧ ਜਨਵਰੀ ਤੱਕ ਰਹੇਗਾ, ਜਦੋਂ ਕਿ ਦੂਜੀ ਲਹਿਰ 21 ਜਨਵਰੀ ਦੇ ਆਸਪਾਸ ਸੁਰੂ ਹੋਵੇਗੀ। ਇਸ ਸਮੇਂ, ਦੇਸ ਵਿੱਚ ਇੱਕ ਹਫਤਾ ਭਰ ਚੰਦਰ ਸਾਲ ਦਾ ਜਸਨ ਚੱਲਦਾ ਹੈ, ਜਿਸ ਕਾਰਨ ਲੱਖਾਂ ਲੋਕ ਦੇਸ ਵਿੱਚ ਆਉਂਦੇ-ਜਾਂਦੇ ਹਨ। ਅਜਿਹੇ 'ਚ ਮਰੀਜਾਂ ਦੀ ਗਿਣਤੀ 'ਚ ਵਾਧਾ ਹੋ ਸਕਦਾ ਹੈ। ਤੀਜੀ ਲਹਿਰ ਫਰਵਰੀ ਦੇ ਅੰਤ ਅਤੇ ਮਾਰਚ ਦੇ ਵਿਚਕਾਰ ਆ ਸਕਦੀ ਹੈ। ਇਸ ਸਮੇਂ ਸਾਰੇ ਲੋਕ ਆਪਣੀਆਂ ਛੁੱਟੀਆਂ ਮੰਨ ਕੇ ਵਾਪਸ ਪਰਤ ਜਾਂਦੇ ਹਨ। ਅਜਿਹੀ ਸਥਿਤੀ ਵਿੱਚ, ਵਧੇਰੇ ਲੋਕ ਸੰਕਰਮਣ ਦੀ ਰਿਪੋਰਟ ਕਰ ਸਕਦੇ ਹਨ। ਡਾਕਟਰ ਵੂ ਜੁਨਯਾਓ ਦੀ ਇਹ ਟਿੱਪਣੀ ਇਸ ਹਫਤੇ ਦੇ ਸੁਰੂ ਵਿੱਚ ਅਮਰੀਕਾ ਦੇ ਇੱਕ ਵੱਕਾਰੀ ਖੋਜ ਸੰਸਥਾਨ ਦੀ ਰਿਪੋਰਟ ਤੋਂ ਬਾਅਦ ਆਈ ਹੈ।

# ਹੜ੍ਹਾਂ ਦੀ ਤਬਾਹੀ ਨਾਲ ਨਜਿੱਠਣ ਲਈ ਪਾਕਿਸਤਾਨ ਨੂੰ ਦੁਨੀਆਂ ਦੀ ਮੱਦਦ ਦੀ ਲੋੜ: ਬਿਲਾਵਲ




ਇਸਲਾਮਾਬਾਦ, 22 ਦਸੰਬਰ (ਪੋਸਟ ਬਿਊਰੋ) - ਪਾਕਿਸਤਾਨ ਦੇ ਵਿਦੇਸ ਮੰਤਰੀ ਬਿਲਾਵਲ ਭੁੱਟੋ ਜਰਦਾਰੀ ਨੇ ਅਗਲੇ ਮਹੀਨੇ ਹੋਣ ਵਾਲੀ ਸੰਯੁਕਤ ਰਾਸਟਰ ਦੀ ਬੈਠਕ ਤੋਂ ਪਹਿਲਾਂ ਆਪਣੇ ਦੇਸ ਨੂੰ ਵਿਨਾਸ਼ਕਾਰੀ ਹੜ੍ਹਾਂ ਤੋਂ ਉਭਰਨ ਲਈ ਦੁਨੀਆ ਦੀ ਮਦਦ ਕਰਨ ਦੀ ਅਪੀਲ ਕੀਤੀ ਹੈ। ਪਾਕਿਸਤਾਨ ਆਯਾਤ, ਡਾਲਰ ਦੀ ਕਮੀ ਅਤੇ ਅੰਤਰਰਾਸਟਰੀ ਮੁਦਰਾ ਫੰਡ (ਆਈਐਮਐਫ) ਨਾਲ ਕਰਜੇ ਵਿੱਚ ਦੇਰੀ ਵਰਗੇ ਆਰਥਿਕ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਨਿਵੇਸਕ ਅਜੇ ਵੀ ਦੇਸ ਦੀ ਕਰਜ ਸਮਰੱਥਾ ਨੂੰ ਲੈ ਕੇ ਚਿੰਤਤ ਹਨ ਕਿਉਂਕਿ ਇਸ ਮਹੀਨੇ 8,000 ਕਰੋੜ ਰੁਪਏ ਦੇ ਬਾਂਡ ਭੁਗਤਾਨ ਦੇ ਬਾਵਜੂਦ ਲੰਬੇ ਸਮੇਂ ਦੇ ਡਾਲਰ ਬਾਂਡਾਂ ਦਾ ਵਪਾਰ ਸੰਕਟ ਦੇ ਪੱਧਰ 'ਤੇ ਚੱਲ ਰਿਹਾ ਹੈ। ਪਾਕਿਸਤਾਨੀ ਵਿਦੇਸ ਮੰਤਰੀ ਭੁੱਟੋ ਨੇ ਇੱਕ ਇੰਟਰਵਿਊ ਵਿੱਚ ਕਿਹਾ, 'ਅਸੀਂ ਆਪਣੇ ਆਪ ਨੂੰ ਇੱਕ ਮੁਸ਼ਕਲ ਸਥਿਤੀ ਵਿੱਚ ਪਾਉਂਦੇ ਹਾਂ, ਜਿੱਥੇ ਅਸੀਂ ਆਈਐਮਐਫ ਦੇ ਨਾਲ ਆਪਣੇ ਮੈਕਰੋ-ਆਰਥਿਕ ਸੰਕੇਤਾਂ ਦਾ ਪ੍ਰਬੰਧਨ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ। ਪਾਕਿਸਤਾਨ ਦੇ ਲੋਕਾਂ ਨੂੰ ਅਜੇ ਵੀ ਮਦਦ ਦੀ ਲੋੜ ਹੈ। ਪੁਨਰ ਨਿਰਮਾਣ ਅਤੇ ਮੁੜ ਵਸੇਬੇ ਲਈ ਅੱਗੇ ਦੀ ਯੋਜਨਾ ਬਣਾਉਣ ਦੀ ਲੋੜ ਹੈ।"

ਜੂਨ-ਜੁਲਾਈ ਦੀਆਂ ਗਰਮੀਆਂ ਵਿੱਚ ਪਾਕਿਸਤਾਨ ਵਿੱਚ ਭਿਆਨਕ ਹੜ੍ਹ ਆਇਆ ਸੀ। ਇਸ ਹੜ੍ਹ ਕਾਰਨ 1700 ਤੋਂ ਵੱਧ ਲੋਕਾਂ ਦੀ ਜਾਨ ਚਲੀ ਗਈ। ਇਸ ਹੜ੍ਹ ਕਾਰਨ ਪਾਕਿਸਤਾਨ ਨੂੰ 256,000 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ। ਹੜ੍ਹ ਕਾਰਨ ਦੇਸ ਦੀਆਂ ਸੜਕਾਂ, ਪੁਲਾਂ ਅਤੇ ਇਮਾਰਤਾਂ ਵਰਗੇ ਸਾਰੇ ਬੁਨਿਆਦੀ ਢਾਂਚੇ ਨੂੰ ਵੀ ਭਾਰੀ ਨੁਕਸਾਨ ਪਹੁੰਚਿਆ ਹੈ। ਪਾਕਿ-ਸਤਾਨ ਨੂੰ ਦੁਨੀਆ ਭਰ ਤੋਂ ਸਹਿਯੋਗ ਅਤੇ ਦਾਨ ਮਿਲਿਆ ਹੈ। ਉਸ ਨੂੰ ਦੁਨੀਆ ਭਰ ਤੋਂ ਅਨਾਜ, ਦਵਾਈਆਂ ਅਤੇ ਪੈਸੇ ਦੇ ਰੂਪ 'ਚ ਮਦਦ ਵੀ ਮਿਲੀ ਪਰ ਪਾਕਿਸਤਾਨ ਅਜੇ ਵੀ ਦੂਜੇ ਦੇਸਾਂ ਤੋਂ ਮਦਦ ਮੰਗ ਰਿਹਾ ਹੈ।

# ਭਿਆਨਕ ਤੂਫਾਨ ਦੌਰਾਨ ਥਾਈਲੈਂਡ ਨੇਵੀ ਦਾ ਜਹਾਜ਼ ਡੁੱਬਿਆ, 100 ਤੋਂ ਵੱਧ ਨਾਵਿਕ ਫਸੇ



ਬੈਂਕਾਕ, 22 ਦਸੰਬਰ (ਪੋਸਟ ਬਿਊਰੋ)- ਥਾਈਲੈਂਡ ਦੀ ਖਾੜੀ ਵਿੱਚ ਆਏ ਭਿਆਨਕ ਤੂਫ਼ਾਨ ਦੌਰਾਨ ਥਾਈ ਨੇਵੀ ਦਾ ਇੱਕ ਜਹਾਜ਼ ਡੁੱਬ ਗਿਆ, ਜਿਸ ਵਿੱਚ 100 ਤੋਂ ਵੱਧ ਨਾਵਿਕ ਫਸ ਗਏ। ਹਾਲਾਂਕਿ ਇਨ੍ਹਾਂ 'ਚੋਂ ਜ਼ਿਆਦਾਤਰ ਨੂੰ ਸੁਰੱਖਿਅਤ ਬਾਹਰ ਕੱਢ ਲਿਆ ਗਿਆ ਹੈ। ਰਾਇਲ ਥਾਈ ਨੇਵੀ ਦੇ ਅਧਿਕਾਰੀਆਂ ਨੇ ਦੱਸਿਆ ਕਿ ਹਾਦਸੇ ਵਿੱਚ ਕਿਸੇ ਨਾਵਿਕ ਦੀ ਮੌਤ ਨਹੀਂ ਹੋਈ ਹੈ। ਪਰ ਚਾਲਕ ਦਲ ਦੇ 106 ਵਿੱਚੋਂ 28 ਮੈਂਬਰ ਅਜੇ ਵੀ ਪਾਣੀ ਵਿੱਚ ਫਸੇ ਹੋਏ ਹਨ। ਇਨ੍ਹਾਂ ਵਿੱਚੋਂ ਤਿੰਨ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ।

ਜਲ ਸੈਨਾ ਦਾ ਜਹਾਜ਼ ਐਚਟੀਐਮਐਸ ਸੁਖੋਤਾਈ ਪ੍ਰਚੁਅਪ ਖੇੜੀ ਖਾਨ ਸੂਬੇ ਦੇ ਬੈਂਗ ਸਫਾਨ ਜ਼ਿਲ੍ਹੇ ਦੇ ਤੱਟ ਤੋਂ ਸਿਰਫ਼ 32 ਕਿਲੋਮੀਟਰ ਦੂਰ ਪਾਣੀਆਂ ਵਿੱਚ ਗਸ਼ਤ ਕਰ ਰਿਹਾ ਸੀ ਜਦੋਂ ਇਹ ਐਤਵਾਰ ਰਾਤ ਕਰੀਬ 11:30 ਵਜੇ ਤੂਫ਼ਾਨ ਵਿੱਚ ਫਸ ਗਿਆ।

ਰਾਇਲ ਥਾਈ ਨੇਵੀ ਨੇ ਦੱਸਿਆ ਕਿ ਤਿੰਨ ਜਲ ਸੈਨਾ ਦੇ ਜਹਾਜ਼ ਅਤੇ ਹੈਲੀਕਾਪਟਰ ਸਹਾਇਤਾ ਲਈ ਰਵਾਨਾ ਕੀਤੇ ਗਏ ਸਨ, ਪਰ ਸਿਰਫ ਐਚਟੀਐਮਐਸ ਕਰਬੂਰੀ ਹੀ ਜਹਾਜ਼ ਦੇ ਡੁੱਬਣ ਤੋਂ ਪਹਿਲਾਂ ਪਹੁੰਚ ਸਕੇ। ੍ਹਠਓੰ ਕਰਬੂਰੀ ਨੇ ਸੁਖੋਤਾਈ 'ਤੇ ਸਵਾਰ 106 ਮਲਾਹਾਂ ਵਿੱਚੋਂ 78 ਨੂੰ ਬਚਾਇਆ। ਬਾਕੀ ਚਾਲਕ ਦਲ ਦੇ ਮੈਂਬਰਾਂ ਨੂੰ ਲੱਭਣ ਲਈ ਰਾਤ ਭਰ ਖੋਜ ਜਾਰੀ ਰਹੀ।

# ਨੇਪਾਲ ਨੇ ਪਤੰਜਲੀ ਉਤਪਾਦਾਂ ਨਾਲ ਜੁੜੀਆਂ ਦਿਵਿਆ ਫਾਰਮੇਸੀ ਸਮੇਤ 16 ਭਾਰਤੀ ਫਾਰਮਾਸਿਊਟੀਕਲ ਕੰਪਨੀਆਂ ਨੂੰ ਕੀਤਾ ਬਲੈਕਲਿਸਟ



ਕਾਠਮੰਡੂ, 22 ਦਸੰਬਰ (ਪੋਸਟ ਬਿਊਰੋ)- ਨੇਪਾਲ ਦੀ ਡਰੱਗ ਰੈਗੂਲੇਟਰੀ ਅਥਾਰਟੀ ਨੇ ਯੋਗ ਗੁਰੂ ਰਾਮਦੇਵ ਦੀ ਪਤੰਜਲੀ ਦੀ ਦਿਵਿਆ ਫਾਰਮੇਸੀ ਸਮੇਤ 16 ਭਾਰਤੀ ਦਵਾਈਆਂ ਦੀਆਂ ਕੰਪਨੀਆਂ ਨੂੰ ਇਹ ਕਹਿੰਦੇ ਹੋਏ ਬਲੈਕਲਿਸਟ ਕਰ ਦਿੱਤਾ ਹੈ ਕਿ ਉਹ ਵਿਸ਼ਵ ਸਿਹਤ ਸੰਗਠਨ (ੂੰ) ਦੇ ਡਰੱਗ ਨਿਰਮਾਣ ਮਾਪਦੰਡਾਂ ਦੀ ਪਾਲਣਾ ਕਰਨ ਵਿੱਚ ਅਸਫਲ ਰਹੀਆਂ ਹਨ। ਡਰੱਗ ਪ੍ਰਸ਼ਾਸਨ ਵਿਭਾਗ ਨੇ 18 ਦਸੰਬਰ ਨੂੰ ਜਾਰੀ ਇਕ ਨੋਟਿਸ ਵਿਚ ਨੇਪਾਲ ਨੂੰ ਇਨ੍ਹਾਂ ਦਵਾਈਆਂ ਦੀ ਸਪਲਾਈ ਕਰਨ ਵਾਲੇ ਸਥਾਨਕ ਏਜੰਟ ਨੂੰ ਤੁਰੰਤ ਉਤਪਾਦ ਵਾਪਸ ਲੈਣ ਲਈ ਕਿਹਾ ਹੈ। ਵਿਭਾਗ ਦੁਆਰਾ ਜਾਰੀ ਨੋਟਿਸ ਦੇ ਅਨੁਸਾਰ, ਸੂਚੀਬੱਧ ਕੰਪਨੀਆਂ ਦੁਆਰਾ ਨਿਰਮਿਤ ਦਵਾਈਆਂ ਨੂੰ ਨੇਪਾਲ ਵਿੱਚ ਆਯਾਤ ਜਾਂ ਵੰਡਿਆ ਨਹੀਂ ਜਾ ਸਕਦਾ ਹੈ।

ਵਿਭਾਗ ਦੇ ਅਧਿਕਾਰੀਆਂ ਅਨੁਸਾਰ੍ਹੌ ਦੇ ਮਾਪਦੰਡਾਂ ਦੀ ਪਾਲਣਾ ਨਾ ਕਰਨ ਵਾਲੀਆਂ ਕੰਪਨੀਆਂ ਦੀ ਸੂਚੀ ਫਾਰਮਾਸਿਊਟੀਕਲ ਕੰਪਨੀਆਂ ਦੇ ਨਿਰਮਾਣ ਸੁਵਿਧਾਵਾਂ ਦੇ ਨਿਰੀਖਣ ਤੋਂ ਬਾਅਦ ਪ੍ਰਕਾਸ਼ਿਤ ਕੀਤੀ ਗਈ ਸੀ, ਜਿਨ੍ਹਾਂ ਨੇ ਆਪਣੇ ਉਤਪਾਦਾਂ ਨੂੰ ਨੇਪਾਲ ਨੂੰ ਨਿਰਯਾਤ ਕਰਨ ਲਈ ਅਰਜ਼ੀ ਦਿੱਤੀ ਸੀ। ਅਪ੍ਰੈਲ ਅਤੇ ਜੁਲਾਈ ਵਿੱਚ ਵਿਭਾਗ ਨੇ ਡਰੱਗ ਇੰਸਪੈਕਟਰਾਂ ਦੀ ਇੱਕ ਟੀਮ ਨੂੰ ਭੇਜਿਆ ਸੀ। ਭਾਰਤ ਉਨ੍ਹਾਂ ਫਾਰਮਾਸਿਊਟੀਕਲ ਕੰਪਨੀਆਂ ਦੀਆਂ ਨਿਰਮਾਣ ਸਹੂਲਤਾਂ ਦਾ ਮੁਆਇਨਾ ਕਰੇਗਾ, ਜਿਨ੍ਹਾਂ ਨੇ ਨੇਪਾਲ ਨੂੰ ਆਪਣੇ ਉਤਪਾਦਾਂ ਦੀ ਸਪਲਾਈ ਕਰਨ ਲਈ ਅਰਜ਼ੀ ਦਿੱਤੀ ਸੀ।

ਦਿਵਿਆ ਫਾਰਮੇਸੀ ਤੋਂ ਇਲਾਵਾ, ਸੂਚੀ ਵਿੱਚ ਰੈਡੀਐਂਟ ਪੇਰੈਂਟਰਲਸ ਲਿਮਟਿਡ, ਮਰਕਰੀ ਲੈਬੋਰੇਟਰੀਜ਼ ਲਿਮਟਿਡ, ਅਲਾਇੰਸ ਬਾਇਓਟੈਕ, ਕੈਪਟੈਬ ਬਾਇਓਟੈਕ, ਐਗਲੋਮੇਡ ਲਿਮਟਿਡ, ਜ਼ੀ ਲੈਬਾਰਟਰੀਜ਼, ਡੈਫੋਡਿਲਜ਼ ਫਾਰਮਾਸਿਊਟੀਕਲਜ਼, ਜੀਐੱਲਐੱਸ ਫਾਰਮਾ, ਯੂਨੀਜੁਲਸ ਲਾਈਫ ਸਾਇੰਸ, ਕੰਸੈਪਟ ਫਾਰਮਾਸਿਊਟੀਕਲਜ਼, ਸ਼੍ਰੀ ਆਨੰਦ ਲਾਈਫ ਸਾਇੰਸਿਜ਼, ਆਈਪੀਸੀਏ ਲੈਬਾਰਟਰੀਆਂ, ਕੈਡਿਲਾ ਹੈਲਥਕੇਅਰ ਲਿਮਟਿਡ, ਡਾਇਲ ਫਾਰਮਾਸਿਊਟੀਕਲਜ਼ ਅਤੇ ਮੈਕੁਰ ਲੈਬਾਰਟਰੀਜ਼ ਆਦਿ ਸ਼ਾਮਲ ਹਨ।

# ਰੂਸ ਨੇ ਯੂਕਰੇਨ 'ਤੇ ਕੀਤਾ ਇਕ ਹੋਰ ਵੱਡਾ ਹਮਲਾ, 70 ਤੋਂ ਵੱਧ ਮਿਜਾਈਲਾਂ ਦਾਗੀਆਂ



ਕੀਵ, 22 ਦਸੰਬਰ (ਪੋਸਟ ਬਿਊਰੋ) - ਯੂਕਰੇਨ ਦੇ ਅਧਿਕਾਰੀਆਂ ਨੇ ਕਿਹਾ ਕਿ ਰੂਸ ਨੇ ਯੁੱਧ ਦੀ ਸੁਰੂਆਤ ਤੋਂ ਬਾਅਦ ਆਪਣੇ ਸਭ ਤੋਂ ਵੱਡੇ ਹਮਲਿਆਂ ਵਿੱਚੋਂ ਇੱਕ ਵਿਚ ਯੂਕਰੇਨ ਉੱਤੇ 70 ਤੋਂ ਵੱਧ ਮਿਜਾਈਲਾਂ ਦਾਗੀਆਂ। ਹਮਲੇ ਨੇ ਕੀਵ ਨੂੰ ਐਮਰਜੈਂਸੀ ਬਲੈਕਆਊਟ ਲਗਾਉਣ ਲਈ ਮਜਬੂਰ ਕੀਤਾ। ਉਨ੍ਹਾਂ ਕਿਹਾ ਕਿ ਕੇਂਦਰੀ ਕ੍ਰਿਵੀ ਰਿਹ ਦੇ ਇਕ ਅਪਾਰਟਮੈਂਟ 'ਤੇ ਹੋਏ ਹਮਲੇ ਵਿਚ ਤਿੰਨ ਲੋਕ ਮਾਰੇ ਗਏ ਸਨ ਜਦਕਿ ਇਕ ਹੋਰ ਦੱਖਣ ਵਿਚ ਖੇਰਸਨ ਵਿਚ ਗੋਲੀਬਾਰੀ ਵਿਚ ਮਾਰਿਆ ਗਿਆ ਸੀ। ਕਬਜੇ ਵਾਲੇ ਪੂਰਬੀ ਯੂਕਰੇਨ ਵਿੱਚ ਰੂਸੀ ਅਧਿਕਾਰੀਆਂ ਨੇ ਕਿਹਾ ਕਿ ਯੂਕਰੇਨ ਦੀ ਗੋਲੀਬਾਰੀ ਵਿੱਚ 12 ਲੋਕ ਮਾਰੇ ਗਏ ਹਨ।

ਇੱਕ ਸਾਮ ਦੇ ਵੀਡੀਓ ਸੰਬੋਧਨ ਵਿੱਚ, ਯੂਕਰੇਨ ਦੇ ਰਾਸਟਰਪਤੀ ਵੋਲੋਦੀਮੀਰ ਜੇਲੇਨਸਕੀ ਨੇ ਕਿਹਾ ਕਿ ਰੂਸ ਕੋਲ ਅਜੇ ਵੀ ਵੱਡੇ ਪੱਧਰ 'ਤੇ ਹਮਲਿਆਂ ਲਈ ਕਾਫੀ ਮਿਜਾਈਲਾਂ ਹਨ, ਉਨ੍ਹਾਂ ਪੱਛਮੀ ਸਹਿਯੋਗੀਆਂ ਨੂੰ ਕੀਵ ਨੂੰ ਵੱਧ ਤੋਂ ਵੱਧ ਅਤੇ ਬਿਹਤਰ ਹਵਾਈ ਰੱਖਿਆ ਪ੍ਰਣਾਲੀਆਂ ਦੀ ਸਪਲਾਈ ਕਰਨ ਦੀ ਅਪੀਲ ਕੀਤੀ। ਜੇਲੇਂਸਕੀ ਨੇ ਕਿਹਾ ਕਿ ਯੂਕਰੇਨ ਜਵਾਬ ਦੇਣ ਲਈ ਕਾਫੀ ਮਜਬੂਤ ਹੈ।

ਕੀਵ ਨੇ ਵੀਰਵਾਰ ਨੂੰ ਚੇਤਾਵਨੀ ਦਿੱਤੀ ਕਿ ਮਾਸਕੋ ਨੇ 24 ਫਰਵਰੀ ਦੇ ਹਮਲੇ ਦੇ ਲਗਭਗ ਇੱਕ ਸਾਲ ਬਾਅਦ ਅਗਲੇ ਸਾਲ ਦੇ ਸੁਰੂ ਵਿੱਚ ਇੱਕ ਨਵੇਂ ਆਲ-ਆਊਟ ਹਮਲੇ ਦੀ ਯੋਜਨਾ ਬਣਾਈ ਹੈ। ਯੂਕਰੇਨ ਦੇ ਕਈ ਇਲਾਕਿਆਂ ਨੂੰ ਮਿਜਾਈਲਾਂ ਅਤੇ ਤੋਪਖਾਨੇ ਨਾਲ ਤਬਾਹ ਕਰ ਦਿੱਤਾ ਗਿਆ ਹੈ। ਹਾਲਾਂਕਿ ਰੂਸੀ ਫੌਜ ਨੇ ਇਸ ਦੇ ਥੋੜ੍ਹੇ ਜਿਹੇ ਹਿੱਸੇ 'ਤੇ ਹੀ ਕਬਜਾ ਕੀਤਾ ਹੈ।







# ਸ੍ਰੀ ਮਾਛੀਵਾੜਾ ਸਾਹਿਬ ਇਲਾਕਾ ਨਿਵਾਸੀਆਂ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ

ਦਸਵੀਂ ਪਾਤਿਸ਼ਾਹੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸ੍ਰੀ ਮਾਛੀਵਾੜੇ ਸਾਹਿਬ ਦੀ ਧਰਤੀ 'ਤੇ ਪਹੁੰਚਣ ਅਤੇ ਉਨ੍ਹਾਂ ਦੀ ਆਮਦ ਨੂੰ ਮੁੱਖ ਰੱਖਦਿਆਂ ਅਤੇ ਚਾਰੇ ਸਾਹਿਬਜ਼ਾਦੇ ਅਤੇ ਮਾਤਾ ਗੁਜਰ ਕੌਰ ਅਤੇ ਸ਼ਹੀਦ ਹੋਏ ਸਾਰੇ ਸਿੰਘਾਂ ਤੇ ਸਿੰਘਣੀਆਂ ਨੂੰ ਸਮਰਪਿਤ ਪਿਛਲੇ ਸਾਲਾਂ ਦੀ ਤਰ੍ਹਾਂ ਸ੍ਰੀ ਮਾਛੀਵਾੜਾ ਸਾਹਿਬ ਇਲਾਕਾ ਨਿਵਾਸੀਆਂ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਕੀਤੀ ਜਾ ਰਹੀ ਹੈ। ਇਸ ਸਬੰਧ ਵਿਚ ਮਾਲਟਨ ਗੁਰੂ ਘਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਹੋਵੇਗੀ।

## ਪ੍ਰੋਗਰਾਮ ਇਸ ਤਰ੍ਹਾਂ ਹੋਵੇਗਾ

**ਸ੍ਰੀ ਅਖੰਡ ਪਾਠ ਸਾਹਿਬ ਆਰੰਭ** 23 ਦਸੰਬਰ ਦਿਨ ਸ਼ੁੱਕਰਵਾਰ

**ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ** 25 ਦਸੰਬਰ ਦਿਨ ਐਤਵਾਰ

ਮਾਲਟਨ ਗੁਰੂ ਘਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਮੇਨ ਹਾਲ ਵਿੱਚ ਪਾਏ ਜਾਣਗੇ। ਸਭ ਸੰਗਤ ਨੂੰ ਬੇਨਤੀ ਹੈ ਕਿ ਤਿੰਨ ਦਿਨ ਗੁਰੂ ਘਰ ਵਿਚ ਹੁੰਮ ਹੁਮਾ ਕੇ ਪਹੁੰਚਣ ਦੀ ਕ੍ਰਿਪਾਲਤਾ ਕਰਨੀ!

ਹੋਰ ਜਾਣਕਾਰੀ ਲਈ ਗੁਰਪ੍ਰੀਤ ਸਿੰਘ ਉਪਲ 647-207-1887, ਸਤਪਾਲ ਸਿੰਘ ਗਰੇਵਾਲ 519-405-0075, ਜਸਵੰਤ ਸਿੰਘ ਰਜੂਲ 647-856-9612 ਜਾਂ ਉਜਾਗਰ ਸਿੰਘ ਗਿੱਲ 647-203-4090, ਕਾਕਾ ਸਿੰਘ ਤੱਖਰਾ 647-400-9991 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਚੀਮਾ ਵੱਲੋਂ ਦੋਭਾਸ਼ੀ ਵਟਸਐਪ ਚੈਟਬੋਟ-ਕਮ-ਹੈਲਪਲਾਈਨ 'ਈ-ਜੀ ਐੱਸ ਟੀ' ਲਾਂਚ

ਚੰਡੀਗੜ੍ਹ, 22 ਦਸੰਬਰ (ਪੋਸਟ ਬਿਊਰੋ):ਵਸਤਾਂ ਤੇ ਸੇਵਾਵਾਂ ਕਰ (ਜੀਐਸਟੀ) ਸਬੰਧੀ ਕਰਦਾਤਾਵਾਂ ਦੇ ਸਵਾਲਾਂ ਅਤੇ ਮੁੱਦਿਆਂ ਦੇ ਹੱਲ ਲਈ ਪੰਜਾਬ ਦੇ ਵਿੱਤ, ਆਬਕਾਰੀ ਅਤੇ ਕਰ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਵੱਲੋਂ ਅੱਜ ਇੱਕ ਦੋਭਾਸ਼ੀ ਵਟਸਐਪ ਚੈਟਬੋਟ-ਕਮ-ਹੈਲਪਲਾਈਨ ਨੰਬਰ 9160500033 ਜਾਰੀ ਕੀਤਾ ਗਿਆ।

ਕਰ ਵਿਭਾਗ ਦੀ ਮਹੀਨਾਵਾਰ ਜ਼ਲ੍ਹਿਾ-ਪੱਧਰੀ ਸਮੀਖਿਆ ਮੀਟਿੰਗ ਦੌਰਾਨ ਇਸ ਸੇਵਾ ਦੀ ਸ਼ੁਰੂਆਤ ਕਰਦਿਆਂ ਸ. ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਕੋਈ ਵੀ ਵਿਅਕਤੀ ਜੀ.ਐਸ.ਟੀ ਦੇ ਵੱਖ-ਵੱਖ ਪਹਿਲੂਆਂ ਬਾਰੇ ਜਾਣਕਾਰੀ ਲੈਣ ਲਈ ਪੰਜਾਬੀ ਜਾਂ ਅੰਗਰੇਜ਼ੀ ਵਿੱਚ ਇਸ ਚੈਟਬੋਟ 'ਤੇ ਵਟਸਐਪ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਇਹ ਪਹਿਲਕਦਮੀ ਫੀਡਬੈਕ



ਵਿਧੀ ਨੂੰ ਮਜ਼ਬੂਤ ਕਰਨ ਦੇ ਨਾਲ-ਨਾਲ ਕਰਦਾਤਾਵਾਂ ਨੂੰ ਸੇਵਾਵਾਂ ਦੀ ਸਪਲਾਈ ਨੂੰ ਆਸਾਨ ਬਣਾਉਣ ਦੀ ਨੀਤੀ ਦੇ ਤਹਿਤ ਸ਼ੁਰੂ ਕੀਤੀ ਗਈ ਹੈ।

ਇਸ ਚੈਟਬੋਟ 'ਤੇ ਉਪਲਬਧ ਸੁਵਿਧਾਵਾਂ ਬਾਰੇ ਜਾਣਕਾਰੀ ਦਿੰਦਿਆਂ ਵਿੱਤ ਮੰਤਰੀ ਨੇ ਕਿਹਾ ਕਿ ਕੋਈ ਵੀ ਨਾਗਰਿਕ ਜਾਂ ਵਪਾਰੀ 9160500033 'ਤੇ ਵਟਸਐਪ ਦੁਆਰਾ ਰਜਿਸਟਰੇਸ਼ਨ, ਰਿਟਰਨ, ਕੰਪੋਜੀਸ਼ਨ, ਟੈਕਸ ਭੁਗਤਾਨ, ਈ-ਵੇਅ ਬਿੱਲ, ਈ-ਇਨਵੌਇਸ, ਇਨ-ਪੁਟ ਟੈਕਸ ਕ੍ਰੈਡਿਟ, ਨਾਗਰਿਕ ਨਾਲ ਸਬੰਧਤ ਜਾਣਕਾਰੀ, ਦਫ਼ਤਰ ਜਾਂ ਅਧਿਕਾਰੀ ਬਾਰੇ ਜਾਣਕਾਰੀ, ਜੀਐਸਟੀ ਬਾਰੇ ਆਮ ਜਾਣਕਾਰੀ ਜਾਂ ਸੁਝਾਅ ਪ੍ਰਾਪਤ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਇਸ ਸੇਵਾ ਰਾਹੀਂ ਜੀ.ਐਸ.ਟੀ ਪੋਰਟਲ ਨਾਲ ਸਬੰਧਤ ਤਕਨੀਕੀ ਸਮੱਸਿਆਵਾਂ ਜਾਂ ਸ਼ਿਕਾਇਤਾਂ ਬਾਰੇ ਵੀ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ।

ਇਸ ਦੌਰਾਨ ਵਿੱਤ ਮੰਤਰੀ ਨੇ ਕਰ ਵਿਭਾਗ ਦੀ ਜ਼ਲ੍ਹਿਾ ਪੱਧਰੀ ਕਾਰਗੁਜ਼ਾਰੀ ਦਾ ਜਾਇਜ਼ਾ ਵੀ ਲਿਆ। ਮੋਹਰੀ ਜ਼ਲ੍ਹਿਆਂ ਦੀ ਕਾਰਗੁਜ਼ਾਰੀ ਦੀ ਸ਼ਲਾਘਾ ਕਰਦਿਆਂ ਸ. ਚੀਮਾ ਨੇ ਜ਼ਲ੍ਹਿਾ ਪੱਧਰੀ ਅਧਿਕਾਰੀਆਂ ਨੂੰ ਸਲਾਹ ਦਿੱਤੀ ਕਿ ਉਹ ਵਿਅਕਤੀਗਤ ਤੌਰ 'ਤੇ ਇਕ ਦੂਜੇ ਦੀ ਕਾਰਗੁਜ਼ਾਰੀ ਤੋਂ ਸਿੱਖਣ ਤਾਂ ਕਿ ਉਹ ਆਪਣੀ ਪੇਸ਼ੇਵਰ ਤਾਕਤ ਨੂੰ ਹੋਰ ਨਿਖਾਰ ਸਕਣ। ਉਨ੍ਹਾਂ ਨੇ ਅਧਿਕਾਰੀਆਂ ਨੂੰ ਕਰਦਾਤਾਵਾਂ ਪ੍ਰਤੀ ਇੱਕ ਨਿਮਰਤਾ ਵਾਲੀ ਪਹੁੰਚ ਅਪਣਾਉਣ ਅਤੇ ਕਰਦਾਤਾਵਾਂ ਨੂੰ ਯਕੀਨ ਦਿਵਾਉਣ ਲਈ ਕਿ ਵਿਭਾਗ ਉਨ੍ਹਾਂ ਦੀ ਸਹੂਲਤ ਲਈ ਕੰਮ ਕਰ ਰਿਹਾ ਨਵੀਨਤਾਕਾਰੀ ਉਪਾਅ ਅਪਨਾਉਣ ਲਈ ਕਿਹਾ। ਇਸ ਮੀਟਿੰਗ ਵਿੱਚ ਸਕੱਤਰ ਕਰ ਵਿਭਾਗ ਅਜੋਏ ਸ਼ਰਮਾ, ਕਰ ਕਮਿਸ਼ਨਰ ਕਮਲ ਕਿਸ਼ੋਰ ਯਾਦਵ, ਵਧੀਕ ਕਮਿਸ਼ਨਰ (ਆਡਿਟ) ਰਵਨੀਤ ਖੁਰਾਣਾ) ਅਤੇ ਵਧੀਕ ਕਮਿਸ਼ਨਰ (ਇਨਵੈਸਟੀਗੇਸ਼ਨ) ਵਿਰਾਜ ਐਸ. ਤਿਡਕੇ ਸਮੇਤ ਪ੍ਰਮੁੱਖ ਸ਼ਖ਼ਸੀਅਤਾਂ ਹਾਜ਼ਰ ਸਨ।







## ਲੜਕੀ ਦੀ ਲੋੜ

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ।ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ।ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜਟ ਸਿੱਖ ਲੜਕਾ ਉਮਰ 35 ਸਾਲ ਕੱਦ 5'11" ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੇ ਦੀ ਲੋੜ

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5'4" tall, has a bachelor's degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com













## ਕੇਅਰ ਗਿਵਰ ਦੀ ਲੋੜ



ਬਜੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। **'PR'** ਲਈ ਮੱਦਦ ਕੀਤੀ ਜਾਵੇਗੀ। Location 'Winnipeg, MB' ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:

**204-333-9000, 416-818-3777**




## ਫੀਮੇਲ ਹਾਊਸਕੀਪਰ ਦੀ ਲੋੜ

ਮਾਰਖਮ ਹਾਊਸ, ਜਿਸ ਵਿਚ ਕ੍ਰਿਸ਼ਨਾ ਮੰਦਰ ਹੈ, ਲਈ ਫੁਲ ਟਾਈਮ ਲਿਵ ਇਨ ਫੀਮੇਲ ਹਾਊਸਕੀਪਰ ਦੀ ਲੋੜ ਹੈ। ਘਰ ਪੂਰੀ ਤਰ੍ਹਾਂ ਸ਼ਾਕਾਹਾਰੀ ਹੈ, ਇੱਥੋਂ ਤੱਕ ਕਿ ਪਿਆਜ ਅਤੇ ਲਹਿਸਣ ਦੀ ਵਰਤੋਂ ਦੀ ਵੀ ਆਗਿਆ ਨਹੀਂ ਹੈ। ਕੰਮ ਦੇ ਵਿਚ ਖਾਣਾ ਬਣਾਉਣਾ, ਸਾਫ-ਸਫਾਈ ਅਤੇ ਸਾਰੇ ਘਰ ਦੀ ਵਧੀਆ ਤਰੀਕੇ ਨਾਲ ਸੰਭਾਲ ਕਰਨੀ ਸ਼ਾਮਲ ਹਨ। ਹਾਊਸਕੀਪਰ ਨੂੰ ਘਰ ਦੇ ਮੈਂਬਰ ਵਾਂਗ ਰੱਖਿਆ ਜਾਵੇਗਾ। ਚਾਹਵਾਨ ਕ੍ਰਿਪਾ ਕਰਕੇ vbsharma@vbsharma.ca ਉਤੇ ਅਪਲਾਈ ਕਰਨ। ਫੋਨ ਨੰਬਰ 416-292-4431 ext. 224 ਉਤੇ 3 ਵਜੇ ਤੋਂ ਬਾਅਦ ਸੰਪਰਕ ਕਰ ਸਕਦੇ ਹਨ।




## ਕੁਈਨਜ਼ਵੁੱਡ ਕਾਲਜ ਆਫ਼ ਬਿਜ਼ਨਸ ਹੈਲਥ ਐਂਡ ਟੈਕਨਾਲੋਜੀ ਡਿਪਲੋਮਾ ਅਤੇ ਛੋਟੇ ਕੋਰਸ ਪੇਸ਼ ਕਰਦਾ ਹੈ

ਡਿਪਲੋਮਾ ਪ੍ਰੋਗਰਾਮਾਂ ਵਿੱਚ ਅਸੀਂ **Medical Office Assistant** ਪ੍ਰੋਗਰਾਮ ਪੇਸ਼ ਕਰ ਰਹੇ ਹਾਂ । ਇਹ ਪ੍ਰੋਗਰਾਮ ਉਹਨਾਂ ਸਾਰਿਆਂ ਲਈ ਢੁਕਵਾਂ ਹੈ ਜੋ ਡਾਕਟਰ ਦੇ ਦਫ਼ਤਰ ਵਿੱਚ ਕੰਮ ਕਰਨਾ ਚਾਹੁੰਦੇ ਹਨ। ਤੁਸੀਂ ਇਸ ਕੋਰਸ ਨੂੰ ਪੂਰਾ ਕਰਨ ਤੋਂ ਬਾਅਦ ਡਾਕਟਰ ਦੇ ਦਫਤਰ ਵਿੱਚ ਇੱਕ ਚੰਗੀ ਸਫੈਦ ਕਾਲਰ ਦੀ ਨੌਕਰੀ ਪ੍ਰਾਪਤ ਕਰ ਸਕਦੇ ਹੋ। ਇਹ ਪ੍ਰੋਗਰਾਮ 47 ਹਫ਼ਤਿਆਂ ਦਾ ਹੈ। ਇਸ ਪ੍ਰੋਗਰਾਮ ਵਿੱਚ ਡਾਕਟਰ ਦੇ ਦਫ਼ਤਰ ਵਿੱਚ 240 **Hours** ਦੀ ਵਿਹਾਰਕ ਸਿਖਲਾਈ ਸ਼ਾਮਲ ਹੈ ਜੋ ਕਿ ਗਿਆਨ ਪ੍ਰਾਪਤ ਕਰਨ ਵਿੱਚ ਮਦਦਗਾਰ ਹੈ।
ਇਹ ਪ੍ਰੋਗਰਾਮ ਕਿਸੇ ਵੀ ਕੰਪਨੀ ਦੇ ਪ੍ਰਸ਼ਾਸਕੀ ਖੇਤਰ, ਫਰੰਟ ਡੈਸਕ ਨੌਕਰੀਆਂ, ਰਿਸੈਪਸ਼ਨਿਸਟ, ਆਫਿਸ ਐਡਮਿਨਿਸਟ੍ਰੇਟੋ ਵਿੱਚ ਨੌਕਰੀ ਪ੍ਰਾਪਤ ਕਰਨ ਵਿੱਚ ਮਦਦ ਕਰਦਾ ਹੈ।
ਇਸ ਕੋਰਸ ਲਈ ਪੂਰਵ ਸ਼ਰਤ ਹੈ, ਪ੍ਰੋਗਰਾਮ ਵਿੱਚ ਦਾਖਲਾ ਲੈਣ ਲਈ ਕਿਸੇ ਵੀ ਦੇਸ਼ ਤੋਂ ਘੱਟੋ-ਘੱਟ ਬਾਰ੍ਹਵੀਂ ਜਮਾਤ ਜਾਂ ਤੁਹਾਡੀ ਉਮਰ 18 ਸਾਲ ਤੋਂ ਵੱਧ ਹੋਣੀ ਚਾਹੀਦੀ ਹੈ।
ਇਸ ਤੋਂ ਇਲਾਵਾ, Office Administration ਡਿਪਲੋਮਾ ਪ੍ਰੋਗਰਾਮ ਅਤੇ Personal Support Worker, Food Service Worker, ਪ੍ਰੋਗਰਾਮ ਵੀ ਪੇਸ਼ ਕੀਤੇ ਜਾਂਦੇ ਹਨ। ਛੋਟੇ ਕੋਰਸਾਂ ਵਿੱਚ, ਬੇਸਿਕ ਤੋਂ ਐਡਵਾਂਸ ਕੰਪਿਊਟਰ ਕੋਰਸ, ਅੰਗਰੇਜ਼ੀ ਭਾਸ਼ਾ ਦੇ ਕੋਰਸ, Accounting, ਆਈਲੈਟਸ, ਸੇਲਪਪ, ਡੇਟਾ ਐਂਟਰੀ ਅਤੇ ਫਰੈਂਚ ਕਲਾਸਾਂ ਵੀ ਇੱਥੇ ਦਿੱਤੀਆਂ ਜਾ ਰਹੀਆਂ ਹਨ। ਕਲਾਸਾਂ ਹਫ਼ਤੇ ਦੇ ਦਿਨ ਅਤੇ ਸ਼ਨੀਵਾਰ ਲਈ ਉਪਲਬਧ ਹਨ। Flexible schedule.
ਵਧੇਰੇ ਜਾਣਕਾਰੀ ਲਈ, ਤੁਸੀਂ 905-872-0088 ਤੇ ਕਾਲ ਕਰ ਸਕਦੇ ਹੋ।
Website: www.queenswood.com
Address: 2023 William, Pkwy, Unit 3, Brampton, ON, L6S 5N1



ਆਪ ਸਭ ਨੂੰ ਨਵੇਂ ਸਾਲ 2023 ਦੀਆਂ ਅਤੇ ਕ੍ਰਿਸਮਸ ਦੇ ਤਿਉਹਾਰ ਦੀਆਂ ਲੱਖ-ਲੱਖ ਵਧਾਈਆਂ। ਅਸੀਂ
ਕਾਮਨਾ ਕਰਦੇ ਹਾਂ ਕਿ ਆਉਣ ਵਾਲਾ ਸਮਾਂ ਤੁਹਾਡੇ ਜੀਵਨ ਵਿਚ ਸੁੱਖ ਸ਼ਾਂਤੀ ਅਤੇ ਤੰਦਰੁਸਤੀ ਲੈ ਕੇ ਆਵੇ।
GroVerCPA
Professional Corporation
TAX & ACCOUNTING
Professional Corporation
TAX|HST REBATE|ADVISORY|ACCOUNTING|
INCORPORATION|BUSINESS LOAN|PERSONAL TAX
ਸਾਨੂੰ ਕਾਲ ਕਰੋ ਅਤੇ ਆਪਣਾ ਟੈਕਸ ਬਚਾਓ
Chartered Accountant
Harcharan S. Grover
Call for Professional Advice
905.247.0193
214-7895 Tranmere Drive, Mississauga ON L5S 1V9
info@grovercpa.ca


Happy NEW YEAR 2023
ਆਪ ਸਭ ਨੂੰ ਨਵੇਂ ਸਾਲ 2023 ਦੀਆਂ
ਲੱਖ ਲੱਖ ਵਧਾਈਆਂ। ਅਸੀਂ ਕਾਮਨਾ
ਕਰਦੇ ਹਾਂ ਕਿ ਆਉਣ ਵਾਲਾ ਸਮਾਂ ਤੁਹਾਡੇ
ਜੀਵਨ ਵਿਚ ਸੁੱਖ ਸ਼ਾਂਤੀ ਲੈ ਕੇ ਆਵੇ।
MacroGlobal
Immigration Services Ltd.
iccrc
crcic
Seema Bhayana
Ph: 905 452 0000, 905 452 9999
Address: 180 Wilkinson Road, Unit 18, Brampton, ON L6T 4M3
Fax: 905-452-9996,
Email: macroglobal@rogers.com
Website: www.macroimmigration.com


CF
CELL nFIX
Happy New Year 2023 & Merry Christmas to you all.
BEST CELLPHONE PLANS IN CANADA
• Canada/USA Plans • Unlimited Data Plans
• Prepaid Plans • Students Plans • Business Plans
Serving Community For Over 20 Years
• We Provide best deals on unlimited home internet and home phone
• We repair all cell phones/tablet make and models at lowest prices
• We sell unlocked gsm phones at wholesale prices
OPEN 7 DAYS A WEEK
905.790.9999
2565 Steeles Ave. E., Unit #3 Brampton, ON. L6T 4L6


SKYDOME GROUP OF COMPANIES
DALJIT SINGH GAIDHU
PRESIDENT SKYDOME GROUP OF COMPANIES
Skydome Emission & Alignment Centre Inc. 210 Rutherford Rd. Brampton Ontario, L6W 3J6 Rocky-Ph:905.450.9878
Skydome Auto & Truck Centre 30 Stafford Dr., Brampton, ON, L6W 1L4 Happy/Goldy-Tel:905.460.1414
Skydome Auto sales 30 Stafford Dr., Brampton, ON, L6W 1L4 Rocky & Gary-Ph:647.938.9878
TOWING SERVICE AVAILABLE ACROSS NORTH AMERICA
HAPPY NEW YEAR
2023
ਆਪ ਸਭ ਨੂੰ ਕ੍ਰਿਸਮਿਸ ਦੀਆਂ ਅਤੇ ਨਵੇਂ ਸਾਲ ਦੀਆਂ ਲੱਖ-ਲੱਖ ਵਧਾਈਆਂ।
Merry Christmas
Toll Free: 1-877-799-9878
www.skydomeauto.ca


Merry Christmas
&
happy new year
SONiA
SIDHU
MEMBER OF PARLIAMENT
Brampton South
www.soniasidhu.libparl.ca
905-846-0076
Sonia Sidhu@
CONSTITUENCY OFFICE: 5 MONTPELIER STREET, SUITE 214, BRAMPTON ON L6Y 6H4, FAX:905.846.3901


Happy
Holidays
From my family to yours, I wish you, a blessed, joyful and happy holiday season.I hope and pray that the new year brings you and your loved ones peace, health and prosperity.
SHAFQAT ALi
MEMBER OF PARLIAMENT
Brampton Centre
225A-350 Rutherford Road S
Brampton, Ontario
L6W 4N6
Shafqat.Ali@parl.gc.ca
905-790-9211
@ShafqatAliMP


DUBAI JEWELLERS
2700 North Park Dr. #19,
Brampton, ON L6S 0E9
50%
Additional Discount on
Diamond Jewellery
HUGE
Discount on
Gold Jewellery
ਆਪ ਸਭ ਨੂੰ ਨਵੇਂ ਸਾਲ 2023
ਅਤੇ ਕ੍ਰਿਸਮਿਸ ਦੀਆਂ
ਲੱਖ ਲੱਖ ਵਧਾਈਆਂ ਹੋਣ ਜੀ
11 AM-8 PM
(TUESDAY TO SUNDAY)
NO EXTRA COST FOR REPAIRS
APPRAISAL CERTIFICATE
www.instagram.com/dubai.jewellers/
www.facebook.com/jewellersdubai
Call: 416-465-1200
(Raj & Gulshan)
www.dubaijewellers.ca
info@dubaijewellers.ca

2023 NMT 2023

WE WISH YOU a very MERRY CHRISTMAS AND Happy New Year

"We inflate tires not prices"

# New Millennium Tire Cente

## Best Service, Best Rates in Tow

WE WISH YOU a very MERRY CHRISTMAS AND Happy New Year

ਆਪ ਸਭ ਨੂੰ ਕ੍ਰਿਸਮਸ ਅਤੇ ਨਵੇਂ ਸਾਲ ਦੀਆਂ ਬਹੁਤ ਬਹੁਤ ਵਧਾਈਆਂ। ਸਾਡੀ ਕਾਮਨਾ ਹੈ ਕਿ ਆਉਣ ਵਾਲਾ ਸਾਲ ਆਪ ਲਈ ਖੁਸ਼ੀਆਂ ਲੈ ਕੇ ਆਵੇ।

## 14 Locations to serve you:

| | | | | |
|---|---|---|---|---|
| **Brampton**<br>25 Clark Bvld<br>Brampton, ON<br>L6W1X4 | **Hamilton**<br>50 Covington St<br>Hamilton, ON<br>L8E2Y5 | **Bolton**<br>11339 Albion<br>Vaughan Road<br>Kleinburg, ON L0J 1C0 | 714976 Oxford<br>Road 4, Wood-<br>stock, On N4S 0B1 | **Abbotsford**<br>1789 Foy Street<br>Abbotsford, BC<br>V2T 6B1 |
| **Surrey**<br>12085-103A<br>Avenue<br>Surrey, BC V3V3G7 | **Port Kells**<br>9718-188 St<br>Surrey, BC V4N3M2 | **Lasalle**<br>7921 Rue Elmslie<br>LaSalle, QC<br>H8N2W6 | **Calgary South**<br>8715 - 48th Street SE<br>Calgary, AB T2C 2P8 | **Edmonton**<br>7320 18th St NW<br>Edmonton, AB T6P1N8 |
| **Calgary North**<br>925-26 Street NE<br>Calgary, AB<br>T2A6K8 | **Saskatoon**<br>2924-A Miners Ave<br>Saskatoon, SK<br>S7K 4Z7 | **Regina**<br>1009 Wellings Road<br>Regina, SK S4N2C6 | **Oakville**<br>670 Fourth Line Unit 20<br>Oakville, ON L6L5B2 | **Windsor**<br>11475 Country Road 42<br>Windsor, ON N8N2M1 |

MICHELIN BFGoodrich UNIROYAL YOKOHAMA TOYO TIRES driven to perform
Continental GENERAL TIRE HERCULES TIRE Hankook driving emotion KUMHO TIRES
SAILUN TIRES AEOLUS TYRES

## T: 905-452-0111 | Fax: 905-452-9595

Email: newmilleniumtire.com

**Head Office:** 25 Clark Blvd. Brampton, ON, L6W 1X4 (Hwy 410 & Clark Blvd.)